SPECIAL EDITION

JUNE 2020

VANGAAR

ਵੰਗਾਰ

ਸੰਸਥਾਪਕ ਐਡੀਟਰ ਭਾਈ ਅਨੋਖ ਸਿੰਘ ਬੱਬਰ

ਜੂਨ ੧੯੮੪ ਦਾ ਘੱਲੂਘਾਰਾ:

ਮੇਰੀਆਂ ਯਾਦਾਂ

Bwel mnmohn isMG bbr Bwel mihqwn isMG bbr Bwel skdy isMG bbr Bwel suMKx isMG bbr Bwel mihl isMG bbr

ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ, ਚੜੇ ਸਿੰਘ ਸੂਰਮੇ ਦਲੇਰ ਮੀਆਂ ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜਿਓਂ ਬੇਲਿਓਂ ਨਿਕਲਦੇ ਸ਼ੇਰ ਮੀਆਂ ।

ਜੂਨ ੧੯੮੪ ਦਾ ਘੱਲੂਘਾਰਾ: ਮੇਰੀਆਂ ਯਾਦਾਂ

ਲੇਖਕ

ਮੋਹਨ ਸਿੰਘ ਦਾਸੂਵਾਲ

"ਸੱਚੇ ਪਾਤਿਸ਼ਾਹ! ਮੇਰਾ ਇਹ ਤਨ ਆਪ ਜੀ ਦੇ ਚਰਨਾਂ ਵਿੱਚ ਹਾਜ਼ਰ ਹੈ। ਗੁਰੂ ਪਿਤਾ ਜੀ, ਕਿਰਪਾ ਕਰੋ ਕਿ ਮੈਂ ਜੰਗ ਦੇ ਮੈਦਾਨ ਵਿੱਚ ਪਿੱਠ ਨਾ ਦਿਖਾਵਾਂ ਅਤੇ ਪੰਥ ਦੋਖੀਆਂ ਨਾਲ ਜੂਝਦਿਆਂ ਸ਼ਹੀਦੀ ਪ੍ਰਾਪਤ ਕਰਾਂ। ਗੁਰੂ ਪਿਤਾ ਜੀ ਕਿਰਪਾ ਕਰੋ ਕਿ ਦੁਸ਼ਮਣ ਦੀ ਗੋਲੀ ਮੇਰੀ ਪਿੱਠ ਤੇ ਨਾ ਲੱਗੇ ਬਲਕਿ ਮੈਂ ਇਹ ਗੋਲੀ ਛਾਤੀ ਵਿੱਚ ਖਾਵਾਂ। ਸਤਿਗੁਰੂ ਜੀ ਮੇਰੇ ਅਉਗਣਾਂ ਨੂੰ ਨਾ ਚਿਤਾਰੋ ਕਿਰਪਾ ਕਰਕੇ ਮੈਨੂੰ ਆਪਣੇ ਚਰਨ ਪਰਸਣ ਦੀ ਆਗਿਆ ਬਖਸ਼ੋ।"

– ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ

- ਭਾਗ ਪਹਿਲਾ -

ਜੂਨ ੧੯੮੪

ਸੰਨ ੧੯੮੪ ਮਈ ਮਹੀਨੇ ਦੇ ਆਖ਼ਰੀ ਦਿਨ ਸਨ। ਹਰ ਰੋਜ਼ ਗਰਮੀਆਂ ਦੀਆਂ ਛੁੱਟੀਆਂ ਉਡੀਕਦੇ ਸਕੂਲ ਜਾਂਦੇ ਅਤੇ ਭੁੱਲ ਭੁਲਾ ਕੇ ਖੇਡਦੇ ਮੱਲਦੇ ਵਾਪਸ ਆ ਜਾਂਦੇ। ਪਰ ਅੱਜ ਜਦ ਵਾਪਸ ਆਏ ਤਾਂ ਮਾਤਾ ਜੀ ਵਲੋਂ ਵਾਂਢੇ ਜਾਣ ਦੀ ਤਿਆਰੀ ਹੁੰਦੀ ਵੇਖ ਇਕ ਵਾਰ 'ਤੇ ਢਿੱਡ ਵਿਚ ਕੁਤਕੁਤਾਰੀਆਂ ਜਿਹੀਆਂ ਹੋਈਆਂ। ਅਸੀਂ ਤਿੰਨੇ ਭੈਣ-ਭਰਾ ਚਾਅ ਨਾਲ ਮਾਤਾ ਜੀ ਨੂੰ ਚਿੰਬੜ ਗਏ। ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਆਪਾਂ ਖੇਮਕਰਨ ਵਾਲੀ ਮਾਸੀ ਦੇ ਪਿੰਡ ਵਿਆਹ 'ਤੇ ਚੱਲੇ ਹਾਂ।

"ਵਿਆਹ! ਵਾਹ ਵਾਹ.. ਵਾਹ ਜੀ ਵਾਹ" ਵੱਡੇ ਵੀਰ ਦੇ ਮੂੰਹੋਂ ਨਿਕਲਿਆ। ਮੈਂ ਵੀ ਮੰਜੇ 'ਤੇ ਟੁੱਲ ਬਾਜੀ ਲਾ ਦਿੱਤੀ। ਉਨ੍ਹਾਂ ਦਿਨਾਂ ਵਿਚ ਕਿਸੇ ਰਿਸ਼ਤੇਦਾਰ ਦਾ ਵਿਆਹ ਅੱਜ ਦੇ ਨਿਆਣਿਆਂ ਦੇ ੪ਜਤਅਕਖ;ਅਦ ਟਰਿੱਪ ਤੋਂ ਘੱਟ ਨਹੀਂ ਸੀ ਹੁੰਦਾ।

ਪਰ ਅਗਲੇ ਹੀ ਪਲ ਜਿਹੜੇ ਕੱਪੜੇ ਮਾਤਾ ਜੀ ਬੈਗ ਵਿਚ ਪਾ ਰਹੇ ਸਨ, ਉਹ ਵੇਖ ਕੇ ਵੀਰ ਨੇ ਕਿਹਾ ਕਿ, "ਅਸੀਂ ਇਹ ਨਹੀਂ ਪਾਉਣੇ ਵਿਆਹ 'ਤੇ, ਸਾਨੂੰ ਨਵੇਂ ਲੈ ਕੇ ਦੇਵੋ।"

"ਮੈਂ ਕਿੱਥੋਂ ਲੈ ਦਿਆਂ ਨਵੇਂ ਲੀੜੇ? ਘਰ ਖਾਣ ਦੇ ਲਾਲੇ ਪਏ ਨੇ, ਤੁਹਾਡੇ ਪਿਓ ਨੇ ਤੇ ਮੇਰੇ ਵਿਆਹ ਵੇਲੇ ਦੇ ਸਾਂਭੇ ਗਹਿਣੇ ਵੀ ਵੇਚ ਕੇ ਬੰਦੂਕ ਲੈ ਆਂਦੀ ਆ" ਮਾਤਾ ਜੀ ਦਾ ਗੁੱਸਾ ਜਾਇਜ਼ ਵੀ ਸੀ, ਕਿਉਂਕਿ ੧੯੭੪ ਵਿਚ ਅੰਮ੍ਰਿਤ ਛਕਣ ਤੋਂ ਬਾਅਦ ਬੇਸ਼ੱਕ ਉਨ੍ਹਾਂ ਸੋਨਾ ਪਾਉਣਾ ਛੱਡ ਦਿੱਤਾ ਸੀ ਪਰ ਫਿਰ ਵੀ ਔਖੇ ਵੇਲੇ ਲਈ ਸਾਂਭ ਕੇ ਰੱਖਿਆ ਹੋਇਆ ਸੀ। ਜਿਸ ਨੂੰ ਵੇਚ ਕੇ ਪਿਤਾ ਜੀ ਨੇ ਜਥੇਬੰਦੀ ਲਈ ੩੧੫ ਬੋਰ ਦੀ ਰਾਈਫ਼ਲ ਖ਼ਰੀਦ ਲਈ ਸੀ।

"ਜਾਣਾ ਜਾਓ, ਨਹੀਂ ਤੇ ਮੈਂ ਇਕੱਲੀ ਜਾ ਆਉਂਦੀ ਹਾਂ" ਮਾਤਾ ਜੀ ਨੇ ਸਾਫ਼ ਨਾਂਹ ਕਰ ਦਿੱਤੀ।

"ਜੇ ਨਵੇਂ ਝੱਗੇ ਨਾ ਪਾਏ ਫਿਰ ਕਾਹਦਾ ਵਿਆਹ?" ਮੈਂ ਵੀ ਵੀਰ ਦੇ ਨਾਲ ਹੀ ਸਟੈਂਡ ਲੈ ਲਿਆ। ਉਨ੍ਹਾਂ ਦਿਨਾਂ ਵਿਚ ਵਿਆਹ ਵਰ੍ਹੇ ਦੇ ਦਿਨਾਂ ਵਿਚ ਹੀ ਨਵੇਂ ਕੱਪੜੇ ਜੁੜਦੇ ਸਨ।

ਉਸ ਵੇਲੇ ਮਾਤਾ ਜੀ ਦੇ ਇਸ ਰੁੱਖੇ ਜਵਾਬ ਦਾ ਕਾਰਨ ਅਸੀਂ ਨਹੀਂ ਸੀ ਜਾਣਦੇ। ਪਰ ਅੱਜ ਆਪੋ ਆਪਣੇ ਘਰਾਂ ਦੀ ਵਾਗਡੋਰ ਸਾਂਭਣ 'ਤੇ ਸਮਝ ਆਈ ਹੈ ਕਿ ਜਿਸ ਘਰ ਵਿਚ ਕੋਈ ਵੀ ਕਮਾਉਣ ਵਾਲਾ ਨਾ ਹੋਵੇ, ਉਸ ਦਾ ਗੁਜ਼ਾਰਾ ਕਿਵੇਂ ਚੱਲਦਾ ਹੋਵੇਗਾ। ਮੁਹਾਲੀ ਸ਼ਹਿਰ, ਤਿੰਨ ਬੱਚਿਆਂ ਦੀ ਪੜ੍ਹਾਈ, ਘਰ ਦਾ ਖ਼ਰਚਾ ਬਿਨਾ ਆਮਦਨ ਕਿੰਨਾ ਮੁਸ਼ਕਿਲ ਹੋਵੇਗਾ। ਏਅਰ ਫੋਰਸ ਤੋਂ ਨੌਕਰੀ ਛੱਡਣ 'ਤੇ ਮਿਲਦੀ ਪਿਤਾ ਜੀ ਦੀ ਪੈਨਸ਼ਨ ਵੀ ਬੰਦ ਹੋ ਗਈ ਸੀ। ੧੯੮੨ ਵਿਚ ਪੁਲਿਸ ਵਲੋਂ ਫ਼ਸਲਾਂ ਉਜਾੜਨ ਤੋਂ ਬਾਅਦ ਦੋ ਸਾਲ ਤੋਂ ਜ਼ਮੀਨ ਵੀ ਬੰਜਰ ਪਈ ਸੀ, ਸੋ ਪਿੰਡੋਂ ਵੀ ਕੋਈ ਖ਼ਰਚਾ ਨਹੀਂ ਸੀ ਮਿਲਦਾ।

ਨਿਰੰਕਾਰੀ ਕਤਲਾਂ ਦੌਰਾਨ ਚਾਚਾ ਜੀ ਸੁਖਦੇਵ ਸਿੰਘ ਭਗੌੜਾ ਹੋ ਗਏ ਅਤੇ ਅਸੀਂ ਪਿੰਡ ਛੱਡ ਕੇ ਮੁਹਾਲੀ ਰਹਿਣ ਲੱਗ ਪਏ। ਮਾਤਾ ਜੀ ਦਾ ਵੀ ਸ਼ੁਰੂ ਤੋਂ ਹੀ ਵਿਚਾਰ ਸੀ ਕਿ ਮੈਂ ਆਪਣੇ ਬੱਚੇ ਸ਼ਹਿਰ ਵਿਚ ਪੜ੍ਹਾਉਣੇ ਹਨ। ੭੮ ਸਾਕੇ ਦੇ ਦੋਸ਼ੀ ਨਿਰੰਜਣ ਸਿੰਘ 'ਤੇ ਚਾਚਾ ਜੀ ਅਤੇ ਸਾਥੀ ਸਿੰਘਾਂ ਵਲੋਂ ਚੰਡੀਗੜ੍ਹ ਸਕੱਤਰੇਤ ਵਿਚ ਕੀਤੇ ਹਮਲੇ ਤੋਂ ਬਾਅਦ ਕਾਫ਼ੀ ਸਿੰਘ ਘਰ ਆਏ। ਭਾਈ ਅਨੋਖ ਸਿੰਘ ਅਤੇ ਭਾਈ ਸੁਲੱਖਣ ਸਿੰਘ ਹੋਰਾਂ ਨੇ ਫਲਾਂ ਦੇ ਦੋ ਵੱਡੇ ਟੋਕਰੇ ਸਿਰ 'ਤੇ ਚੁੱਕ ਕੇ ਲਿਆਂਦੇ, ਜਿਨ੍ਹਾਂ ਉੱਪਰ ਰੰਗ-ਬਿਰੰਗੇ ਲਿਫ਼ਾਫ਼ੇ ਬੱਝੇ ਸਨ। ਮਾਨੋਂ ਕੋਈ ਸ਼ਗਨਾਂ ਦਾ ਦਿਨ ਹੋਵੇ। ਅਸੀਂ ਵੀ ਰੱਜ ਰੱਜ ਕੇ ਖਾਧੇ। ਸਾਰੇ ਸਿੰਘ ਬਹੁਤ ਖ਼ੁਸ਼ ਸਨ।

ਹਾਂ! ਸਾਡੇ ਘਰ ਲਈ ਸ਼ਾਇਦ ਇਹ ਖ਼ੁਸ਼ੀਆਂ ਦਾ ਆਖ਼ਰੀ ਦਿਨ ਸੀ।

ਇਸ ਤੋਂ ਬਾਅਦ ਪਿਤਾ ਜੀ ਵੀ ਭਗੌੜੇ ਹੋ ਗਏ। ਘਰ ਦੇ ਹਾਲਾਤ ਦਿਨੋਂ-ਦਿਨ ਮੁਸ਼ਕਿਲ ਹੋ ਰਹੇ ਸਨ। ਰਸਦ-ਪਾਣੀ ਦੀ ਵੀ ਬਹੁਤ ਤੋਟ ਆਉਂਦੀ ਸੀ। ਅਖੰਡ ਕੀਰਤਨੀ ਜਥੇ ਵਲੋਂ ਹੋਣ ਵਾਲੇ ਹਫ਼ਤਾਵਾਰੀ ਕੀਰਤਨ ਸਮਾਗਮ ਦੇ ਲੰਗਰਾਂ ਵਿਚੋਂ ਬਚੀ ਰਸਦ ਭਾਈ ਅਮਰਜੀਤ ਸਿੰਘ ਜੀ ਸਾਡੇ ਘਰ ਛੱਡ ਜਾਇਆ ਕਰਦੇ ਸਨ, ਜੋ ਸ਼ਾਇਦ ਉਹ ਜਾਣ-ਬੁੱਝ ਕੇ ਵੱਧ ਮੰਗਾਉਂਦੇ ਸਨ। ਇਸ ਨਾਲ ਹਫ਼ਤੇ ਦਾ ਗੁਜ਼ਾਰਾ ਹੋ ਜਾਂਦਾ ਸੀ।

ਇਹ ਹਾਲਾਤ ਜਾਣਦੇ ਹੋਏ ਅਸੀਂ ਵੀ ਕੁਝ ਲੈਣ ਦੀ ਜ਼ਿੱਦ ਬਹੁਤ ਘੱਟ ਕਰਦੇ ਸਾਂ ਪਰ ਚੜ੍ਹਦੀ ਉਮਰੇ ਸਮਝ ਘੱਟ ਹੋਣ ਕਰਕੇ ਪੁਰਾਣੇ ਘਸੇ ਕੱਪੜਿਆਂ ਨਾਲ ਵਿਆਹ ਵੇਖਣ ਦਾ ਵੀ ਕੋਈ ਚਾਅ ਜਿਹਾ ਨਹੀਂ ਸੀ ਰਿਹਾ। ਅਖੀਰ ਭੈਣ ਨੇ ਇਕ ਸਾਂਝਾ ਰਾਹ ਕੱਢਿਆ ਤੇ ਕਿਹਾ, "ਮਾਤਾ ਜੀ, ਆਪਾਂ ਇਨ੍ਹਾਂ ਦੋਵਾਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਪਿਤਾ ਜੀ ਕੋਲ ਛੱਡ ਕੇ ਵਿਆਹ ਵੇਖ ਆਉਂਦੀਆਂ ਹਾਂ।"

ਉਹਨੂੰ ਪਤਾ ਸੀ ਕਿ ਰਿਸ਼ਤੇਦਾਰੀ ਵਿਚ ਵਿਆਹ ਹੈ, ਕਿਸੇ ਨੂੰ ਤਾਂ ਜਾਣਾ ਹੀ ਪਵੇਗਾ ਨਾਲੇ ਪੁਰਾਣੇ ਕੱਪੜਿਆਂ ਨਾਲ ਵਿਆਹ ਵੇਖਣ ਦੀ ਯੋਜਨਾ ਵੀ ਮਾਤਾ ਜੀ ਦੀ ਹੀ ਸੀ ਅਤੇ ਵਿਆਹ ਵੀ ਉਨ੍ਹਾਂ ਦੀ ਭਣੇਵੀ ਦਾ ਸੀ।

ਮਾਤਾ ਜੀ ਮੰਨ ਗਏ। ਅਸੀਂ ਰੋਟੀ-ਪਾਣੀ ਖਾ ਕੇ ਸਕੂਲ ਦਾ ਕੰਮ ਕੀਤਾ ਅਤੇ ਖੇਡਣ ਭੱਜ ਗਏ। ਹੁਣ ਸਾਨੂੰ ਵਿਆਹ ਤੋਂ ਵੀ ਵਧੇਰੇ ਚਾਅ ਸੀ ਕਿਉਂਕਿ ਬੜੇ ਚਿਰਾਂ ਬਾਅਦ ਕੱਲ੍ਹ ਪਿਤਾ ਜੀ ਨੂੰ ਮਿਲਣਾ ਸੀ।

Shahid Jathedar Bhai Sukhdev Singh Babbar

Bhai Mehal Singh Babbar

ਅਗਲੇ ਦਿਨ ਤੜਕਸਾਰ ਅਸੀਂ ਮੁਹਾਲੀ ਤੋਂ ਬੱਸ 'ਤੇ ਬੈਠੇ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਏ। ਮਾਤਾ ਜੀ ਸਾਨੂੰ ਸ੍ਰੀ ਦਰਬਾਰ ਸਾਹਿਬ ਛੱਡ ਕੇ ਖੇਮਕਰਨ ਵਾਲੀ ਬੱਸ 'ਤੇ ਚੜ੍ਹ ਗਏ। ਸ਼ਾਮ ਦਾ ਸਮਾਂ ਸੀ, ਸਾਰੇ ਸਿੰਘ ਗੁਰੂ ਨਾਨਕ ਨਿਵਾਸ ਸਰਾਂ ਦੀ ਛੱਤ ਉੱਤੇ ਵਾਲੀਬਾਲ ਖੇਡ ਰਹੇ ਸਨ। ਇਸ ਗੱਲ ਤੋਂ ਬੇਖ਼ੌਫ ਕਿ ਸਾਰੇ ਸ਼ਹਿਰ ਨੂੰ ਫ਼ੌਜ ਅਤੇ ਬੀ.ਐਸ.ਐਫ਼. ਨੇ ਘੇਰਿਆ ਹੋਇਆ ਸੀ। ਦੋ ਸਿੰਘ ਪਹਿਰੇ 'ਤੇ ਸਨ, ਬਾਕੀਆਂ ਦਾ ਪੂਰਾ ਜ਼ੋਰ ਲੱਗਾ ਹੋਇਆ ਸੀ, ਗੇਮ ਜਿੱਤਣ ਲਈ। ਅਚਾਨਕ ਬਾਲ ਸਰਾਂ ਦੀ ਪਿਛਲੀ ਗਲੀ ਵਿਚ ਜਾ ਡਿੱਗੀ, ਜਿਸ ਨਾਲ ਖੇਡ ਰੁਕ ਗਈ। ਅਸੀਂ ਅੱਗੇ ਹੋ ਕੇ ਸਾਰਿਆਂ ਨੂੰ ਫ਼ਤਹਿ ਬੁਲਾਈ ਅਤੇ ਜੱਫੀਆਂ ਪਾ-ਪਾ ਕੇ ਮਿਲੇ। ਚਾਚਾ ਜੀ ਸੁਖਦੇਵ ਸਿੰਘ ਬੱਬਰ, ਜਿਨ੍ਹਾਂ ਨੂੰ ਸਾਰੇ ਸਿੰਘ ਜਥੇਦਾਰ ਕਹਿ ਕੇ ਬੁਲਾਉਂਦੇ ਸਨ, ਉਨ੍ਹਾਂ ਗੇਮ ਬੰਦ ਕਰਨ ਲਈ ਸੁਝਾਅ ਦੇ ਦਿੱਤਾ। ਦੂਜੀ ਟੀਮ ਦੇ ਭਾਈ ਮਹਿੰਗਾ ਸਿੰਘ ਨੇ ਕਿਹਾ ਕਿ, "ਨਹੀਂ... ਤਿੰਨ ਪੁਆਇੰਟਾਂ ਦਾ ਫ਼ਰਕ ਹੈ, ਅਸੀਂ ਹਾਰ ਨਹੀਂ ਮੰਨਣੀ।"

"ਕੋਈ ਗੱਲ ਨਹੀਂ ਭਰਾਵਾ, ਤੂੰ ਕੱਲ੍ਹ ਨੂੰ ਜਿੱਤ ਲਵੀਂ, ਅੱਜ ਟੈਮ ਬੜਾ ਹੋ ਗਿਆ, ਦਰਸ਼ਨਾਂ ਨੂੰ ਵੀ ਜਾਣਾ" ਜਥੇਦਾਰ ਦੇ ਇੰਨਾ ਕਹਿਣ 'ਤੇ ਸਾਰੇ ਸਿੰਘ ਇਸ਼ਨਾਨ ਕਰਕੇ ਬਾਣੇ ਪਾ ਕੇ ਤਿਆਰ ਹੋ ਗਏ।

ਸਿੰਘਾਂ ਦਾ ਜਾਹੋ-ਜਲਾਲ ਵੇਖਿਆਂ ਹੀ ਬਣਦਾ ਸੀ। ਕੇਸਰੀ ਦੁਮਾਲੇ, ਚਿੱਟੇ ਚੋਲੇ, ਨੀਲੇ ਕਾਲੇ ਕਮਰਕੱਸੇ, ਗਲ ਤਿੰਨ-ਤਿੰਨ ਫੁੱਟੀਆਂ ਕਿਰਪਾਨਾਂ, ਰੰਗ-ਬਿਰੰਗੇ ਚਮਕਦੇ ਗਾਤਰੇ, ਮੋਢਿਆਂ 'ਤੇ ਜਾਂ ਹੱਥਾਂ ਵਿਚ ਗੰਨਾਂ। ਜਥੇਦਾਰ ਦੀ ਅਗਵਾਈ ਵਿਚ ੪੦-੪੫ ਸਿੰਘਾਂ ਦਾ ਜਥਾ ਜਦ ਖ਼ਾਲਸਾਈ ਬਾਣੇ ਵਿਚ ਪਰਕਰਮਾ ਕਰਦਾ ਤਾਂ ਮਾਨੋ ਅਕਾਲੀ ਫੂਲਾ ਸਿੰਘ ਦੇ ਸਮੇਂ ਦੀਆਂ ਨਿਹੰਗ ਸਿੰਘ ਫ਼ੌਜਾਂ ਦੀ ਝਲਕ ਪੈਂਦੀ ਸੀ, ਜੋ ਕਿਸੇ ਵੇਲੇ ਇਵੇਂ ਹੀ ਬਾਣੇ ਪਾ ਕੇ ਸਜ-ਧਜ ਕੇ ਨਿਕਲਦੀਆਂ ਹੋਣਗੀਆਂ। ਭਾਈ ਕਾਨ੍ਹ ਸਿੰਘ ਅੱਗੇ-ਅੱਗੇ ਬੜੀ ਮੁਸਤੈਦੀ ਨਾਲ ਫ਼ੋਟੋ ਖਿੱਚਣ ਵਾਲੇ ਯਾਤਰੂਆਂ ਨੂੰ ਰੋਕਦਾ ਜਾਂਦਾ ਸੀ, ਕਿਉਂਕਿ ਇਹ ਸਾਰੇ ਸਿੰਘ ਹੀ ਅਨੇਕਾਂ ਦੁਸ਼ਟਾਂ ਨੂੰ ਸੋਧਣ ਦੇ ਕੇਸਾਂ ਵਿਚ ਭਗੌੜੇ ਸਨ। ਕੀਰਤਨ ਅਤੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸਾਰੇ ਸਿੰਘ ਵਾਪਸ ਆ ਗਏ।

ਰਾਤ ਦਾ ਲੰਗਰ ਛਕ ਕੇ ਗੁਰੂ ਨਾਨਕ ਨਿਵਾਸ ਸਰਾਂ ਦੀ ਛੱਤ 'ਤੇ ਹੀ ਬਿਸਤਰੇ ਵਿਛਾ ਲਏ ਗਏ। ਦਿਲ ਵਿਚ ਬਹੁਤ ਤਾਂਘ ਸੀ ਕਿ ਸਾਰੀ ਰਾਤ ਹੀ ਪਿਤਾ ਜੀ ਨਾਲ ਗੱਲਾਂ ਕਰਦੇ ਲੰਘ ਜਾਵੇ ਪਰ ਅਸੂਲ ਮੁਤਾਬਕ ਕੀਰਤਨ ਸੋਹਿਲਾ ਸਾਹਿਬ ਦੇ ਪਾਠ ਤੋਂ ਬਾਅਦ ਗੱਲਾਂ ਕਰਨੀਆਂ ਮਨ੍ਹਾਂ ਸਨ। ਭਾਈ ਗੁਰਮੀਤ ਸਿੰਘ ਉਰਫ਼ ਭਾਈ ਸੁਲੱਖਣ ਸਿੰਘ ਨੇ ਉੱਚੀ ਆਵਾਜ਼ ਵਿਚ ਪਾਠ ਕੀਤਾ। ਸਾਰੇ ਸਿੰਘ ਅੜਿੰਗ-ਬੜਿੰਗ ਹੋ ਗਏ ਅਤੇ ਪਹਿਰੇ ਵਾਲੇ ਸਿੰਘ ਪਹਿਰੇ 'ਤੇ ਡੱਟ ਗਏ।



ਇਕ ਜੂਨ ਨੂੰ ਭਾਈ ਮਹਿੰਗਾ ਸਿੰਘ ਨੇ ਸਾਰੇ ਸਿੰਘਾਂ ਨੂੰ ਰੋਜ਼ ਵਾਂਗ ਅੰਮ੍ਰਿਤ ਵੇਲੇ ੨ ਵਜੇ ਜਗਾਇਆ। ਪਿਤਾ ਜੀ, ਜੋ ਰਾਤ ਸਾਡੇ ਨਾਲ ਸੁੱਤੇ ਸਨ, ਕਿਤੇ ਨਜ਼ਰ ਨਾ ਆਏ। ਪੁੱਛਣ 'ਤੇ ਪਤਾ ਲੱਗਾ ਕਿ ਉਹ ੩੧ ਮਈ ਦੀ ਰਾਤ ਨੂੰ ਹੀ ਭਾਈ ਸੁਲੱਖਣ ਸਿੰਘ ਦੇ ਨਾਲ ਜ਼ਰੂਰੀ ਸਾਮਾਨ ਲੈਣ ਬਾਹਰ ਗੁਪਤ ਥਾਂ 'ਤੇ ਚਲੇ ਗਏ ਸਨ।

ਸਿੰਘ ਦਾਤਣਾਂ ਕਰਕੇ ਸਰੋਵਰ ਵਿਚ ਇਸ਼ਨਾਨ ਕਰਨ ਚੱਲ ਪਏ। ਇਸ਼ਨਾਨ ਤੋਂ ਬਾਅਦ ਵਾਪਸ ਆ ਕੇ ਗੁਰੂ ਨਾਨਕ ਨਿਵਾਸ ਸਰਾਂ ਦੀ ਛੱਤ 'ਤੇ ਬੈਠ ਕੇ ਸੰਗਤੀ ਰੂਪ ਵਿਚ ਨਿੱਤਨੇਮ ਕੀਤਾ ਗਿਆ। ਭਾਈ ਅਨੋਖ ਸਿੰਘ, ਭਾਈ ਕਾਨ੍ਹ ਸਿੰਘ ਅਤੇ ਭਾਈ ਮਹਿੰਗਾ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਧੁਆਈ ਦੀ ਸੇਵਾ ਲਈ ਚਲੇ ਗਏ। ਅੱਜ ਭਾਈ ਸੁਲੱਖਣ ਸਿੰਘ ਬਾਹਰ ਗਏ ਹੋਣ ਕਰਕੇ ਨਾਲ ਨਹੀਂ ਸਨ, ਵੈਸੇ ਇਹ ਚਾਰੇ ਸਿੰਘ ਲੰਬੇ ਸਮੇਂ ਤੋਂ ਰੋਜ਼ਾਨਾ ਇਸ ਸੇਵਾ ਵਿਚ ਹਾਜ਼ਰ ਹੁੰਦੇ ਸਨ।

ਅੱਜ ਦਿਨ ਦੀ ਸ਼ੁਰੂਆਤ ਇਕ ਆਮ ਦਿਨ ਵਾਂਗ ਹੀ ਹੋਈ। ਆਸਾ ਦੀ ਵਾਰ ਸੁਣਨ ਤੋਂ ਬਾਅਦ ਗਰਮ-ਜਲ ਛਕਿਆ ਅਤੇ ਕੁਝ ਦੇਰ ਆਰਾਮ ਕਰਨ ਲਈ ਸਿੰਘ ਆਪੋ ਆਪਣੇ ਕਮਰਿਆਂ ਵਿਚ ਚਲੇ ਗਏ। ਅਸੀਂ ਨਿੱਕੀਆਂ-ਨਿੱਕੀਆਂ ਸ਼ਰਾਰਤਾਂ ਵਿਚ ਰੁੱਝੇ ਰਹੇ। ਭਾਈ ਅਮਰਜੀਤ ਸਿੰਘ ਦਹੇੜੂ ਵਾਲਿਆਂ ਦੇ ਬੱਚੇ ਵੀ ਉਨ੍ਹੀਂ ਦਿਨੀਂ ਉਥੇ ਹੀ ਰਹਿੰਦੇ ਸਨ।

"ਇਕ ਸਿੰਘ ਵੀ ਸ਼ਹੀਦ ਹੋ ਗਿਆ ਜੀ... ਇਕ ਸਿੰਘ ਵੀ ਸ਼ਹੀਦ ਹੋ ਗਿਆ।"

ਦੁਪਹਿਰ ਵੇਲੇ ਕੈਰਮ-ਬੋਰਡ ਦੀ ਖੇਡ ਚੱਲ ਰਹੀ ਸੀ। ਥੋੜ੍ਹੇ ਜਿਹੇ ਝਗੜੇ ਨਾਲ ਸਾਰੀਆਂ ਗੀਟੀਆਂ ਦਾ ਖਿਲਾਰਾ ਪੈ ਗਿਆ। ਬਸ ਫਿਰ ਕੀ ਸੀ, ਨਵੀਂ ਗੇਮ ਚੱਲ ਪਈ ਬੋਰਡ ਦੀ ਫੱਟੀ 'ਤੇ ਗੀਟੀਆਂ ਰੱਖ ਕੇ ਸਟ੍ਰਾਇਕਰ ਨਾਲ ਨਿਸ਼ਾਨੇ ਲਾਉਣ ਲੱਗੇ। ਕਾਲੀ ਗੀਟੀ ਡਿੱਗਦੀ ਤੇ ਫ਼ੌਜ ਵਾਲਾ ਮਾਰਿਆ ਜਾਂਦਾ। ਚਿੱਟੀ ਡਿੱਗਦੀ ਤੇ ਸਿੰਘ ਸਾਰੇ ਕਾਲੀਆਂ ਨੂੰ ਨਿਸ਼ਾਨੇ ਲਾਉਂਦੇ ਜੋ ੧੦-੧੨ ਡਿੱਗ ਗਈਆਂ ਸਨ। ਅਖੀਰ ਗਲਤੀ ਨਾਲ ਇਕ ਚਿੱਟੀ ਵੀ ਡਿੱਗ ਪਈ ਤੇ ਸਾਰੇ ਨਿਆਣੇ ਉੱਚੀ-ਉੱਚੀ ਰੌਲਾ ਪਾਉਣ ਲੱਗੇ, "ਇਕ ਸਿੰਘ ਵੀ ਸ਼ਹੀਦ ਹੋ ਗਿਆ ਜੀ... ਇਕ ਸਿੰਘ ਵੀ ਸ਼ਹੀਦ ਹੋ ਗਿਆ।"

ਸ਼ਹੀਦ ਭਾਈ ਅਨੋਖ ਸਿੰਘ, ਸ਼ਹੀਦ ਜਥੇਦਾਰ ਭਾਈ ਸੁਖਦੇਵ ਸਿੰਘ, ਸ਼ਹੀਦ ਭਾਈ ਸੁਲੱਖਣ ਸਿੰਘ, ਸ਼ਹੀਦ ਭਾਈ ਬਲਵਿੰਦਰ ਸਿੰਘ

"ਵੇ ਪੁੱਤਰੋ! ਇੰਝ ਨਹੀਂ ਕਹੀਦਾ ਹੁੰਦਾ" ਕੋਲ ਬੈਠੀਆਂ ਬੀਬੀਆਂ ਵਿਚੋਂ ਭਾਈ ਸੁਲੱਖਣ ਸਿੰਘ ਦੀ ਸਿੰਘਣੀ ਬੀਬੀ ਮਨਿੰਦਰ ਕੌਰ ਨੇ ਮਿੱਠੀ ਜਿਹੀ ਝਿੜਕ ਮਾਰੀ।

ਕੋਈ ਡੇਢ-ਦੋ ਵਜੇ ਦਾ ਸਮਾਂ ਸੀ। ਅਚਾਨਕ ਗੋਲੀਬਾਰੀ ਸ਼ੁਰੂ ਹੋ ਗਈ। ਸਿੰਘਾਂ ਵਲੋਂ ਮੋਰਚੇ ਸਾਂਭ ਲਏ ਗਏ। ਸੀ.ਆਰ.ਪੀ.ਐਫ਼. ਵਲੋਂ ਮੋਰਚੇ ਮਿੱਥ ਕੇ ਗੋਲੀ ਚਲਾਈ ਜਾ ਰਹੀ ਸੀ। ਭਾਈ ਮਨਮੋਹਨ ਸਿੰਘ ਫ਼ੌਜੀ ਦਾ ਸੁਝਾਅ ਸੀ ਕਿ ਜਿਸ ਮੋਰਚੇ 'ਤੇ ਗੋਲੀ ਵੱਜੇ ਸਿਰਫ਼ ਓਹੀ ਜਵਾਬ ਦੇਵੇ, ਦੂਜੇ ਸ਼ਾਂਤ ਰਹਿਣ। ਉਸ ਦਿਨ ਸਿੰਘਾਂ ਵਲੋਂ ਬੜਾ ਸੀਮਤ ਜਵਾਬ ਦਿੱਤਾ ਗਿਆ। ਸ਼ਾਮ ਤੱਕ ਇਕਾ-ਦੁੱਕਾ ਅਤੇ ਕਦੇ-ਕਦੇ ਵਿਚੋਂ ਤੇਜ਼ ਫ਼ਾਇਰਿੰਗ ਹੁੰਦੀ ਰਹੀ।

ਤਿੰਨ ਵਜੇ ਦੇ ਕਰੀਬ ਗੁਰਦੁਆਰਾ ਬਾਬਾ ਅਟੱਲ ਸਾਹਿਬ ਵਾਲੇ ਮੋਰਚੇ 'ਤੇ ਫ਼ਾਇਰਿੰਗ ਹੋਈ ਤਾਂ ਭਾਈ ਮਹਿੰਗਾ ਸਿੰਘ ਨੇ ਵੀ ਅੱਗੋਂ ਖੜਕਵਾਂ ਜੁਆਬ ਦਿੱਤਾ। ਜਿਸ ਸਰਕਾਰੀ ਮੋਰਚੇ ਵਿਚੋਂ ਗੋਲੀ ਆਈ ਸੀ, ਭਾਈ ਸਾਹਿਬ ਨੇ ਓਥੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਅਤੇ ਜੈਕਾਰੇ ਛੱਡਦੇ ਹੋਏ ਗੁੰਬਦ ਵਾਲੀ ਸਭ ਤੋਂ ਉਪਰਲੀ ਨੌਵੀਂ ਮੰਜ਼ਿਲ 'ਤੇ ਜਾ ਡਟੇ। ਜਿੱਥੋਂ ਸ਼ਿੱਸ਼ਤ ਹੋਰ ਵਧੀਆ ਬੱਝੀ ਅਤੇ ਪਲਾਂ ਵਿਚ ਹੀ ੮-੯ ਸੀ.ਆਰ.ਪੀ.ਐਫ਼. ਵਾਲੇ ਧੁਰ ਦੀ ਗੱਡੀ ਚਾੜ ਦਿੱਤੇ। ਸਰਕਾਰੀ ਮੋਰਚਾ ਖਾਲੀ ਹੋ ਗਿਆ। ਇਹ ਮੰਜ਼ਰ ਵੇਖਣ ਲਈ ਜਿਉਂ ਹੀ ਭਾਈ ਮਹਿੰਗਾ ਸਿੰਘ ਨੇ ਸੰਗਮਰਮਰ ਦੇ ਝਰਨੇ ਤੋਂ ਆਪਣਾ ਸੀਸ ਉਪਰ ਚੁੱਕਿਆ ਤਾਂ ਦੂਰੋਂ ਕੇਸਰੀ ਦੁਮਾਲਾ ਚਮਕਿਆ।

ਤਾੜ... ਤਾੜ੍ਹ ਕਰਦਾ ਬ੍ਰਸਟ ਆਇਆ, ਭਾਈ ਸਾਹਿਬ ਦਾ ਸਿਰ ਓਹਲੇ ਹੋ ਗਿਆ।

ਅਸੀਂ ਸਾਰੇ ਸਿੰਘ ਸਰਾਂ ਦੀ ਚੌਥੀ ਮੰਜ਼ਿਲ ਦੇ ਖੱਬੇ ਮੁੜ ਕੇ ਜੋ ਅਖੀਰਲਾ ਕਮਰਾ ਸੀ, ਜਿਸ ਦੀ ਬਾਰੀ ਬਾਬਾ ਅਟੱਲ ਸਾਹਿਬ ਦੇ ਗੁਰਦੁਆਰੇ ਵੱਲ ਖੁੱਲ੍ਹਦੀ ਸੀ ਅਤੇ ਜੋ ਜਥੇਦਾਰ ਸੁਖਦੇਵ ਸਿੰਘ ਬੱਬਰ ਦਾ ਕਮਰਾ ਸੀ, ਉਸ ਵਿਚੋਂ ਇਹ ਸਭ ਨਜ਼ਾਰਾ ਵੇਖ ਰਹੇ ਸਾਂ। ਜਥੇਦਾਰ ਦੇ ਹੱਥ ਵਿਚ ਫੜੇ ਵਾਕੀ-ਟਾਕੀ ਸੈੱਟ ਨਾਲ ਹੁਣ ਤੱਕ ਲਗਾਤਾਰ ਭਾਈ ਮਹਿੰਗਾ ਸਿੰਘ ਨਾਲ ਗੱਲ ਹੋ ਰਹੀ ਸੀ।

ਬ੍ਰਸਟ ਦੀ ਆਵਾਜ਼ ਸੁਣ ਕੇ ਕਿਸੇ ਨੂੰ ਸਮਝ ਨਹੀਂ ਆ ਰਹੀ ਸੀ ਕਿ ਇਹ ਭਾਈ ਸਾਹਿਬ ਦੇ ਵੱਜਾ ਹੈ ਜਾਂ ਕੋਲੋਂ ਦੀ ਲੰਘ ਗਿਆ ਸੀ। ਅੱਗੋਂ ਕੋਈ ਆਵਾਜ਼ ਨਹੀਂ ਆ ਰਹੀ ਸੀ। ਸਾਡੇ ਦਿਲਾਂ ਦੀਆਂ ਧੜਕਣਾਂ ਤੇਜ਼ ਹੋ ਗਈਆਂ ਸਨ।

ਅਚਾਨਕ ਗੰਭੀਰ ਜਿਹੀ ਆਵਾਜ਼ ਵਿਚ ਜਥੇਦਾਰ ਨੇ ਚੁੱਪ ਤੋੜੀ, "ਭਾਣਾ ਵਾਪਰ ਗਿਆ ਲੱਗਦਾ।"

ਫਿਰ ਵਾਕੀ-ਟਾਕੀ ਸੈੱਟ 'ਤੇ ਉੱਚੀ ਦੇਣੀ ਆਵਾਜ਼ਾਂ ਮਾਰੀਆਂ।

"ਓ ਮਹਿੰਗਾ ਸਿਆਂ... ਓ ਮਹਿੰਗਾ ਸਿਆਂ... ਕੀ ਹਾਲ ਆ ਸਿੰਘਾ"

ਇਸ ਵਾਰ ਅੱਗੋਂ ਜਵਾਬ ਆਇਆ,

"ਚੜ੍ਹਦੀਕਲਾ ਹੋ ਗਈ, ਬੋਲੇ ਸੋ ਨਿਹਾਲ"

"ਸਤਿ ਸ੍ਰੀ ਅਕਾ...ਲ"

ਕਮਰੇ ਵਿਚ ਮੌਜੂਦ ਸਾਰੇ ਸਿੰਘਾਂ ਨੇ ਬੜੀ ਗਰਜਵੀਂ ਆਵਾਜ਼ ਵਿਚ ਜਵਾਬ ਦਿੱਤਾ।

ਮਨ ਵਿਚ ਆ ਰਹੀ ਸੋਚ 'ਤੇ ਦਿਲ ਵਾਰ-ਵਾਰ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ। ਸਭ ਦੀਆਂ ਨਜ਼ਰਾਂ ਬਾਬਾ ਅਟੱਲ ਸਾਹਿਬ ਦੇ ਗੁਰਦੁਆਰੇ ਦੀ ਅਖੀਰਲੀ ਮੰਜ਼ਿਲ 'ਤੇ ਗੱਡੀਆਂ ਹੋਈਆਂ ਸਨ, ਇਸੇ ਉਡੀਕ ਵਿਚ ਕਿ ਹੁਣੇ ਹੀ ਭਾਈ ਸਾਹਿਬ ਦਾ ਕੇਸਰੀ ਦੁਮਾਲਾ ਫਿਰ ਨਜ਼ਰੀਂ ਪਵੇਗਾ। ਅਚਾਨਕ ਗੰਭੀਰ ਜਿਹੀ ਆਵਾਜ਼ ਵਿਚ ਜਥੇਦਾਰ ਨੇ ਚੁੱਪ ਤੋੜੀ, "ਭਾਣਾ ਵਾਪਰ ਗਿਆ ਲੱਗਦਾ।" ਫਿਰ ਵਾਕੀ-ਟਾਕੀ ਸੈੱਟ 'ਤੇ ਉੱਚੀ ਦੇਣੀ ਆਵਾਜ਼ਾਂ ਮਾਰੀਆਂ। "ਓ ਮਹਿੰਗਾ ਸਿਆਂ... ਓ ਮਹਿੰਗਾ ਸਿਆਂ... ਕੀ ਹਾਲ ਆ ਸਿੰਘਾ" ਇਸ ਵਾਰ ਅੱਗੋਂ ਜਵਾਬ ਆਇਆ, "ਚੜ੍ਹਦੀਕਲਾ ਹੋ ਗਈ, ਬੋਲੇ ਸੋ ਨਿਹਾਲ" "ਸਤਿ ਸ੍ਰੀ ਅਕਾ...ਲ" ਕਮਰੇ ਵਿਚ ਮੌਜੂਦ ਸਾਰੇ ਸਿੰਘਾਂ ਨੇ ਬੜੀ ਗਰਜਵੀਂ ਆਵਾਜ਼ ਵਿਚ ਜਵਾਬ ਦਿੱਤਾ। ਇਹ ਭਾਈ ਮਹਿੰਗਾ ਸਿੰਘ ਦੇ ਆਖਰੀ ਬੋਲੇ ਸਨ, ਇਸ ਤੋਂ ਬਾਅਦ ਦੂਜੇ ਪਾਸਿਓਂ ਕੋਈ ਆਵਾਜ਼ ਨਹੀਂ ਆਈ। ਭਾਈ ਮਨਮੋਹਨ ਸਿੰਘ ਫ਼ੌਜੀ, ਜੋ ਹੇਠਲੀ ਮੰਜ਼ਿਲ 'ਤੇ ਮੋਰਚੇ ਵਿਚ ਸਨ, ਉਨ੍ਹਾਂ ਜਾ ਕੇ ਸ਼ਹੀਦ ਸਿੰਘ ਦੇ ਦਰਸ਼ਨ ਕੀਤੇ ਅਤੇ ਉਸੇ ਵਾਕੀ-ਟਾਕੀ 'ਤੇ ਦੱਸਿਆ ਕਿ, "ਜਥੇਦਾਰ ਜੀ, ਭਾਣਾ ਵਾਪਰ ਗਿਆ! ਭਾਈ ਮਹਿੰਗਾ ਸਿੰਘ ਸ਼ਹੀਦੀ ਪਾ ਗਿਆ।" ਭਾਈ ਅਨੋਖ ਸਿੰਘ ਨੇ ਸ਼ੁਕਰਾਨੇ ਵਜੋਂ ਦੋਵੇਂ ਹੱਥ ਜੋੜ ਲਏ ਅਤੇ ਅੱਖਾਂ ਮੀਟੀਆਂ ਨਾਲ ਹੀ ਜ਼ੋਰ ਦੀ ਜੈਕਾਰਾ ਗਜਾਇਆ "ਬੋਲੇ ਸੋ ਨਿਹਾਲ..." ਇਸ ਵਾਰ ਵਧੇਰੇ ਜੋਸ਼ ਵਿਚ ਜਵਾਬ ਆਇਆ, "ਸਤਿ ਸ੍ਰੀ ਅਕਾ...ਲ" ਇਕ-ਇਕ ਕਰਕੇ ਪੰਜ ਜੈਕਾਰੇ ਛੱਡੇ ਗਏ, ਹਰ ਵਾਰ ਆਕਾਸ਼ ਗੂੰਜਵੀਂ ਆਵਾਜ਼ ਵਿਚ 'ਬੋਲੇ' ਦਾ ਜਵਾਬ ਆਇਆ।

ਭਾਈ ਅਨੋਖ ਸਿੰਘ ਨੇ ਸ਼ੁਕਰਾਨੇ ਵਜੋਂ ਦੋਵੇਂ ਹੱਥ ਜੋੜ ਲਏ ਅਤੇ ਅੱਖਾਂ ਮੀਟੀਆਂ ਨਾਲ ਹੀ ਜ਼ੋਰ ਦੀ ਜੈਕਾਰਾ ਗਜਾਇਆ

"ਬੋਲੇ ਸੋ ਨਿਹਾਲ..."

ਇਸ ਵਾਰ ਵਧੇਰੇ ਜੋਸ਼ ਵਿਚ ਜਵਾਬ ਆਇਆ,

"ਸਤਿ ਸ੍ਰੀ ਅਕਾ...ਲ"

ਇਕ-ਇਕ ਕਰਕੇ ਪੰਜ ਜੈਕਾਰੇ ਛੱਡੇ ਗਏ, ਹਰ ਵਾਰ ਆਕਾਸ਼ ਗੂੰਜਵੀਂ ਆਵਾਜ਼ ਵਿਚ 'ਬੋਲੇ' ਦਾ ਜਵਾਬ ਆਇਆ

ਸਭ ਦਾ ਧਿਆਨ ਫਿਰ ਓਧਰੇ ਹੀ ਗੱਡਿਆ ਗਿਆ ਕਿ ਖ਼ਤਰਨਾਕ ਨਿਸ਼ਾਨੇ 'ਤੇ ਆ ਚੁੱਕੇ ਮੋਰਚੇ ਵਿਚੋਂ ਸ਼ਹੀਦ ਸਿੰਘ ਨੂੰ ਲੈਣ ਗਿਆ ਦੂਜਾ ਸਿੰਘ ਠੀਕ-ਠਾਕ ਮੁੜ ਆਵੇ। ਭਾਈ ਮਨਮੋਹਨ ਸਿੰਘ ਫ਼ੌਜੀ ਨੇ, ਜੋ ਫ਼ੌਜੀ ਕਰਤੱਬਾਂ ਦੇ ਮਾਹਰ ਸਨ, ਭਾਈ ਮਹਿੰਗਾ ਸਿੰਘ ਦੇ ਸਰੀਰ ਨੂੰ ਪਿੱਠ ਉੱਤੇ ਪਾਇਆ ਅਤੇ ਫ਼ੌਜੀਆਂ ਵਾਂਗ ਰੀਂਗਦੇ ਹੋਏ ਹੀ ਪੌੜੀਆਂ ਰਾਹੀਂ ਨੌਂ ਮੰਜ਼ਿਲਾਂ ਉਤਰ ਆਏ, ਇਸੇ ਤਰ੍ਹਾਂ ਗੁਰੂ ਨਾਨਕ ਨਿਵਾਸ ਸਰਾਂ ਤੱਕ ਭਾਈ ਸਾਹਿਬ ਦੀ ਦੇਹੀ ਪਹੁੰਚਾ ਦਿੱਤੀ। ਉਨ੍ਹਾਂ ਦੇ ਪਰਿਵਾਰ ਤੱਕ ਸੁਨੇਹਾ ਭੇਜ ਦਿੱਤਾ ਗਿਆ। ਗੁਰੂ ਨਾਨਕ ਨਿਵਾਸ ਦੀ ਚੌਥੀ ਮੰਜ਼ਿਲ 'ਤੇ ਖੱਬੇ ਮੁੜਦਿਆਂ ਹੀ ਸੱਜੀ ਕੰਧ ਨਾਲ ਫ਼ਰਸ਼ 'ਤੇ ਤਲਾਈਆਂ ਵਿਛਾ ਕੇ ਭਾਈ ਸਾਹਿਬ ਨੂੰ ਲਿਟਾ ਦਿੱਤਾ ਗਿਆ। ਗੋਲੀ ਭਾਈ ਸਾਹਿਬ ਦੀ ਖੱਬੀ ਪੁੜਪੁੜੀ ਵਿਚ ਲੱਗੀ ਸੀ ਅਤੇ ਨੱਕ 'ਤੇ ਵੀ ਸੱਟ ਦਾ ਨਿਸ਼ਾਨ ਸੀ। ਆਸ-ਪਾਸ ਬਰਫ਼ ਦੀਆਂ ਸਿੱਲਾਂ ਰੱਖ ਦਿੱਤੀਆਂ ਗਈਆਂ। ਭਾਈ ਸਾਹਿਬ ਬੇਹੋਸ਼ੀ ਦੇ ਆਲਮ ਵਿਚ ਸਨ ਪਰ ਸੁਆਸ ਕਾਫ਼ੀ ਦੇਰ ਤੱਕ ਚੱਲਦੇ ਰਹੇ। ਜਥੇਦਾਰ ਸੁਖਦੇਵ ਸਿੰਘ ਵਲੋਂ ਬੇਨਤੀ ਕਰਨ 'ਤੇ ਸਿੰਘਾਂ ਅਤੇ ਬੀਬੀਆਂ ਨੇ ਵਾਰੀ-ਵਾਰੀ ਸੀਸ ਵਾਲੇ ਪਾਸੇ ਕੁਰਸੀ 'ਤੇ ਬੈਠ ਕੇ ਸੁਖਮਨੀ ਸਾਹਿਬ ਦਾ ਪਾਠ ਆਰੰਭ ਕਰ ਦਿੱਤਾ। ਬਾਕੀ ਸਿੰਘ ਆਸ-ਪਾਸ ਫ਼ਰਸ਼ ਉੱਤੇ ਬੈਠ ਕੇ ਨਾਮ-ਸਿਮਰਨ ਕਰਨ ਲੱਗ ਪਏ। ਇਹ ਨਾਮ-ਬਾਣੀ ਦਾ ਪ੍ਰਵਾਹ ਸਾਰੀ ਰਾਤ ਨਿਰੰਤਰ ਚੱਲਦਾ ਰਿਹਾ। ਸਾਥੀ ਸਿੰਘ ਦੇ ਚਲਾਣੇ ਦਾ ਕਿਸੇ ਚਿਹਰੇ 'ਤੇ ਕੋਈ ਸ਼ਿਕਨ ਨਹੀਂ ਸੀ। ਕਿਉਂਕਿ ਇਸ ਸ਼ਹੀਦੀ ਦੀ ਦਾਤ ਲਈ ਸਾਰੇ ਸਿੰਘ ਰੋਜ਼ਾਨਾ ਦੋ ਵੇਲੇ ਅਰਦਾਸ ਕਰਦੇ ਸਨ। ਕੁਝ ਸਾਲ ਪਹਿਲਾਂ ਕਰਤਾਰਪੁਰ ਸਾਹਿਬ ਕੋਲ ਭਾਈ ਗੁਰਦਿੱਤਾ ਜੀ ਦੇ ਅਸਥਾਨ 'ਤੇ, ਜਿਥੇ ਲੋਕ ਮਨ-ਮੰਗੀਆਂ ਮੁਰਾਦਾਂ ਪਾਉਣ ਲਈ ਅਰਦਾਸਾਂ ਕਰਦੇ ਸਨ, ਉਥੋਂ ਭਾਈ ਸਾਹਿਬ ਨੇ ਵਾਹਿਗੁਰੂ ਤੋਂ ਸ਼ਹੀਦੀ ਦੀ ਦਾਤ ਮੰਗੀ ਸੀ।

ਕੱਲ੍ਹ ਦੀ ਵਾਲੀਬਾਲ ਗੇਮ ਵਿਚ ਹਾਰ ਤੋਂ ਝਕਣ ਵਾਲਾ ਭਾਈ ਮਹਿੰਗਾ ਸਿੰਘ ਬੱਬਰ ਅੱਜ ਸੱਚਮੁਚ ਹੀ ਸਾਰੇ ਸਾਥੀਆਂ ਨੂੰ ਪਿੱਛੇ ਛੱਡ ਕੇ ਜੇਤੂ ਬਣ ਤੁਰਿਆ ਸੀ। ਇਸ ਤਰ੍ਹਾਂ ਭਾਈ ਸਾਹਿਬ ਨੂੰ ਜੂਨ ੧੯੮੪ ਦੇ ਘੱਲੂਘਾਰੇ ਦੇ ਪਹਿਲੇ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੋਇਆ।

ਕੱਲ੍ਹ ਦੀ ਵਾਲੀਬਾਲ ਗੇਮ ਵਿਚ ਹਾਰ ਤੋਂ ਝਕਣ ਵਾਲਾ ਭਾਈ ਮਹਿੰਗਾ ਸਿੰਘ ਬੱਬਰ ਅੱਜ ਸੱਚਮੁਚ ਹੀ ਸਾਰੇ ਸਾਥੀਆਂ ਨੂੰ ਪਿੱਛੇ ਛੱਡ ਕੇ ਜੇਤੂ ਬਣ ਤੁਰਿਆ ਸੀ। ਇਸ ਤਰ੍ਹਾਂ ਭਾਈ ਸਾਹਿਬ ਨੂੰ ਜੂਨ ੧੯੮੪ ਦੇ ਘੱਲੂਘਾਰੇ ਦੇ ਪਹਿਲੇ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੋਇਆ।

- ਭਾਗ ਦੂਜਾ -

ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ ਦੀ ਅੰਤਮ ਵਿਦਾਇਗੀ

ਦੋ ਜੂਨ ਨੂੰ ਅੰਮ੍ਰਿਤ ਵੇਲੇ ਸਾਰਿਆਂ ਨੇ ਗੁਰੂ ਨਾਨਕ ਨਿਵਾਸ ਦੇ ਕਮਰਿਆਂ ਵਿਚ ਹੀ ਬਣੇ ਗ਼ੁਸਲਖ਼ਾਨਿਆਂ ਵਿਚ ਇਸ਼ਨਾਨ ਕਰਕੇ ਨਿੱਤਨੇਮ ਕਰ ਲਏ। ਭਾਈ ਮਹਿੰਗਾ ਸਿੰਘ ਜੀ ਦੀ ਸ਼ਹੀਦੀ ਦੇਹ ਕੋਲ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਲਗਾਤਾਰ ਹੋ ਰਿਹਾ ਸੀ। ਭਾਈ ਮਹਿੰਗਾ ਸਿੰਘ ਦਾ ਸਾਰੀਆਂ ਜਥੇਬੰਦੀਆਂ ਦੇ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਬਹੁਤ ਸਤਿਕਾਰ ਕਰਦੇ ਸਨ। ਉਹ ਇਕ ਅਣਥੱਕ ਸੇਵਾਦਾਰ ਵਜੋਂ ਜਾਣੇ ਜਾਂਦੇ ਸਨ। ਜਥੇਬੰਦਕ ਕਾਰਜਾਂ ਤੋਂ ਬਿਨਾਂ ਆਪ ਅਕਸਰ ਗੁਰੂ ਕੇ ਲੰਗਰਾਂ ਅਤੇ ਪਰਕਰਮਾ ਦੀ ਧੁਆਈ ਆਦਿ ਸੇਵਾਵਾਂ ਵਿਚ ਸਾਰਾ ਦਿਨ ਰੁੱਝੇ ਰਹਿੰਦੇ ਸਨ। ਸਾਢੇ ਪੰਜ ਸੌ ਦੇ ਕਰੀਬ ਪੁਰਾਤਨ ਸਰੂਪਾਂ ਦੇ ਬਸਤਰਾਂ ਦੀ ਸਫ਼ਾਈ ਵੀ ਜਥੇਬੰਦੀ ਦੇ ਸਿੰਘਾਂ ਨਾਲ ਮਿਲ ਕੇ ਹਰ ਹਫ਼ਤੇ ਕਰਦੇ। ਭਾਈ ਸਾਹਿਬ ਜੀ ਦੀ ਸ਼ਹੀਦੀ ਬਾਰੇ ਸੁਣ ਕੇ ਜਾਨਣ ਵਾਲਿਆਂ ਦੇ ਸੀਨੇ ਇਕ ਧੂਹ ਜਿਹੀ ਪਈ, ਸਵੇਰ ਤੋਂ ਹੀ ਸੰਗਤਾਂ ਦਰਸ਼ਨਾਂ ਲਈ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ।

ਭਾਈ ਸਾਹਿਬ ਦੇ ਮਾਤਾ-ਪਿਤਾ ਦੇ ਆਉਣ ਵਿਚ ਅਜੇ ਦੇਰੀ ਸੀ ਕਿਉਂਕਿ ਉਨ੍ਹਾਂ ਨੇ ਹਰਿਆਣਾ ਤੋਂ ਆਉਣਾ ਸੀ। ਅੰਤਮ ਸੰਸਕਾਰ ਲਈ ਸਲਾਹਾਂ ਹੋਣ ਲੱਗੀਆਂ। ਸ਼੍ਰੋਮਣੀ ਕਮੇਟੀ ਵਲੋਂ ਸੁਨੇਹਾ ਆਇਆ ਕਿ ਦੇਹ ਨੂੰ ਬਾਹਰ ਲਿਜਾ ਕੇ ਅੰਤਮ ਸੰਸਕਾਰ ਕੀਤਾ ਜਾਵੇ। ਸਿੰਘਾਂ ਦੇ ਇਨਕਾਰ ਕਰਨ 'ਤੇ ਉਨ੍ਹਾਂ ਗੁਰਦੁਆਰਾ ਸ਼ਹੀਦਾਂ ਦੇ ਲਾਗੇ ਖ਼ਾਲੀ ਮੈਦਾਨ ਵਿਚ ਅੰਤਮ ਸੰਸਕਾਰ ਕਰਨ ਦੀ ਤਜਵੀਜ਼ ਰੱਖੀ ਜਿਥੇ ੧੯੭੮ ਸਾਕੇ ਦੇ ਸ਼ਹੀਦਾਂ ਦਾ ਵੀ ਸੰਸਕਾਰ ਹੋਇਆ ਸੀ। ਜਥੇਬੰਦੀ ਚਾਹੁੰਦੀ ਸੀ ਕਿ ਸੰਸਕਾਰ ਅੰਦਰ ਹੀ ਕੋਈ ਯੋਗ ਸਥਾਨ ਵੇਖ ਕੇ ਕੀਤਾ ਜਾਵੇ ਕਿਉਂਕਿ ਕਰਫ਼ਿਊ ਲੱਗਾ ਹੋਣ ਕਰਕੇ ਸ਼ਹੀਦ ਸਿੰਘ ਦਾ ਮ੍ਰਿਤਕ ਸਰੀਰ ਪ੍ਰਸ਼ਾਸਨ ਨੂੰ ਦੇਣਾ ਪੈਣਾ ਸੀ। ਸਾਥੀ ਸਿੰਘ ਬਿਲਕੁਲ ਨਹੀਂ ਚਾਹੁੰਦੇ ਸਨ ਕਿ ਜਿਨ੍ਹਾਂ ਦੁਸ਼ਟਾਂ ਦੀ ਗੋਲੀ ਨਾਲ ਭਾਈ ਸਾਹਿਬ ਸ਼ਹੀਦ ਹੋਏ ਸਰੀਰ ਵੀ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਜਾਵੇ, ਉਹ ਆਪਣੇ ਹੱਥੀਂ ਅੰਤਮ ਸੰਸਕਾਰ ਕਰਨਾ ਚਾਹੁੰਦੇ ਸਨ। ਸ਼੍ਰੋਮਣੀ ਕਮੇਟੀ ਇਸੇ ਗੱਲ 'ਤੇ ਬਜ਼ਿੱਦ ਸੀ ਕਿ ਸ੍ਰੀ ਦਰਬਾਰ ਸਾਹਿਬ ਦੀ ਹੱਦ ਅੰਦਰ ਕਦੇ ਕਿਸੇ ਦਾ ਅੰਤਮ ਸੰਸਕਾਰ ਨਹੀਂ ਹੋਇਆ ਪਰ ਭਾਈ ਅਨੋਖ ਸਿੰਘ ਨੇ ਇਸ ਗੱਲ ਦੀ ਕਾਟ ਕਰਦੇ ਹੋਏ ਦੱਸਿਆ ਕਿ ਪੁਰਾਤਨ ਸਮੇਂ ਸ਼ਹੀਦ ਭਾਈ ਗੁਰਬਖ਼ਸ਼ ਸਿੰਘ ਦਾ ਅੰਤਮ ਸੰਸਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕੋਲ ਹੋ ਚੁੱਕਾ ਹੈ। ਪ੍ਰਬੰਧਕ ਕਮੇਟੀ ਨਿਰਉੱਤਰ ਸੀ। ਜਥੇਦਾਰ ਸਾਹਿਬ ਨੇ ਆਖ਼ਰੀ ਫ਼ੈਸਲਾ ਸੁਣਾ ਦਿੱਤਾ ਕਿ ਸਿੰਘ ਦਾ ਅੰਤਮ ਸੰਸਕਾਰ ਹਰ ਹਾਲਤ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਦੇ ਕੋਲ ਹੋਵੇਗਾ।

ਦੁਪਹਿਰ ਤੋਂ ਬਾਅਦ ਭਾਈ ਮਹਿੰਗਾ ਸਿੰਘ ਦੇ ਮਾਤਾ-ਪਿਤਾ ਜੀ ਵੀ ਪਹੁੰਚ ਗਏ। ਇਕ ਗੱਲ ਦਾ ਫ਼ਿਕਰ ਅੰਦਰੇ ਅੰਦਰ ਸਭ ਨੂੰ ਸੀ ਕਿ ਸਿੰਘਾਂ ਵਲੋਂ ਕਿਸੇ ਨੂੰ ਰੋਣ ਨਹੀਂ ਸੀ ਦਿੱਤਾ ਗਿਆ। ਪਰ ਜਦ ਮਾਂ-ਪੁੱਤਰ ਦੀ ਇਸ ਹਾਲਤ ਵਿਚ ਮਿਲਣੀ ਹੋਵੇਗੀ ਤਾਂ ਕਈਆਂ ਨੂੰ ਠੱਲ੍ਹਣਾ ਮੁਸ਼ਕਿਲ ਹੋਵੇਗਾ। ਪਰ ਧੰਨ ਉਹ ਸ਼ਹੀਦ ਦੀ ਮਾਂ ਜਿਸ ਨੇ ਆਉਂਦੀ ਨੇ ਫ਼ਤਹਿ ਬੁਲਾਈ ਅਤੇ ਇਹੀ ਬੋਲ ਮੂੰਹੋਂ ਨਿਕਲੇ; "ਵੇ, ਪੁੱਤਰਾ ਤੂੰ ਆਪਣੇ ਬੋਲ ਪੁਗਾ ਗਿਉਂ... ਪੁੱਤਰਾ... ਤੂੰ ਤਾਂ ਸਾਡਾ ਵੀ ਮਾਣ ਵਧਾ ਗਿਐਂ..."

ਇਹ ਕਹਿ ਕੇ ਮਾਪੇ ਆਪਣੇ ਪੁੱਤਰ ਦੀ ਦੇਹ ਦੇ ਸੱਜੇ-ਖੱਬੇ ਮੋਢਿਆਂ ਲਾਗੇ ਪੈਰਾਂ ਭਾਰ ਬੈਠ ਗਏ। ਮਾਂ ਬੜੇ ਹੀ ਪਿਆਰ ਨਾਲ ਆਪਣੇ ਪੁੱਤਰ ਦਾ ਚਿਹਰਾ ਦੋਹਾਂ ਹੱਥਾਂ ਵਿਚ ਲੈ ਕੇ ਕਿੰਨਾ ਹੀ ਚਿਰ ਪਲੋਸਦੀ ਰਹੀ। ਕੁਝ ਬੀਬੀਆਂ ਦੀਆਂ ਅੱਖਾਂ ਵਿਚ ਅੱਥਰੂ ਜ਼ਰੂਰ ਆ ਗਏ ਪਰ ਮਾਤਾ-ਪਿਤਾ ਦਾ ਹੌਂਸਲਾ ਵੇਖ ਕੇ ਸਭ ਹੈਰਾਨ ਸਨ। ਧੰਨ ਹੈ ਗੁਰੂ, ਧੰਨ ਗੁਰੂ ਕੇ ਸ਼ਹੀਦ, ਧੰਨ ਸ਼ਹੀਦਾਂ ਦੇ ਪਰਿਵਾਰਾਂ ਦੀ ਕੁਰਬਾਨੀ ਅਤੇ ਧੰਨ ਦਸਮੇਸ਼ ਪਿਤਾ ਦੀ ਅੰਸ-ਬੰਸ ਖ਼ਾਲਸਾ, ਜਿਸ ਨੇ ਪਿਤਾ ਵਾਂਗ ਹੀ ਕਦੇ ਪੁੱਤਰਾਂ ਦੀ ਮੌਤ ਦਾ ਸੋਗ ਨਹੀਂ ਮਨਾਇਆ।

ਸ਼ਹੀਦ ਭਾਈ ਮਹਿੰਗਾ ਸਿੰਘ ਅਤੇ ਉਨ੍ਹਾ ਦੇ ਮਾਤਾ-ਪਿਤਾ

ਗੁਰੂ ਨਾਨਕ ਨਿਵਾਸ ਦੀ ਚੌਥੀ ਮੰਜ਼ਲ ਦੇ ਪਹਿਲੇ ਕਮਰੇ ਵਿਚ ਭਾਈ ਸਾਹਿਬ ਦਾ ਇਸ਼ਨਾਨ ਕਰਾਇਆ ਗਿਆ। ਸਿੰਘ ਕਮਰੇ ਦੇ ਵਿਚਕਾਰ ਰੱਖੇ ਮੰਜੇ ਦੇ ਦੁਆਲੇ ਬਸਤਰ ਪੁਆ ਕੇ ਤਿਆਰ ਕਰ ਰਹੇ ਸਨ। ਜਦ ਜਥੇਦਾਰ ਜੀ ਵਲੋਂ ਉਨ੍ਹਾਂ ਦੇ ਕੇਸ ਵਾਹੇ ਜਾ ਰਹੇ ਸਨ ਤਾਂ ਮੈਨੂੰ ਉਹ ਦਿਨ ਯਾਦ ਆ ਰਹੇ ਸਨ ਜਦ ਕਈ ਵਾਰ ਪਹਿਲਾਂ ਵੀ ਅਸੀਂ ਮਾਤਾ ਜੀ ਤੋਂ ਬਿਨਾਂ ਸਕੂਲ ਦੀਆਂ ਛੁੱਟੀਆਂ ਵਿਚ ਇੱਥੇ ਰਹਿੰਦੇ ਤਾਂ ਭਾਈ ਮਹਿੰਗਾ ਸਿੰਘ ਹੀ ਸਾਡਾ ਕੇਸੀ ਇਸ਼ਨਾਨ ਕਰਾਉਂਦੇ, ਕੇਸ ਵਾਹ ਕੇ ਜੂੜੇ ਕਰਦੇ ਅਤੇ ਭਾਈ ਸੁਲੱਖਣ ਸਿੰਘ ਜੀ ਨਾਲ ਮਿਲ ਕੇ ਸਾਨੂੰ ਦੁਮਾਲਾ ਬੰਨ੍ਹਣਾ ਸਿਖਾਇਆ ਕਰਦੇ ਸਨ।

ਇਸ਼ਨਾਨ ਉਪਰੰਤ ਭਾਈ ਅਨੋਖ ਸਿੰਘ ਬੱਬਰ ਹੁਰਾਂ ਨੇ ਭਾਈ ਸਾਹਿਬ ਦੇ ਸੀਸ 'ਤੇ ਕੇਸਰੀ ਦੁਮਾਲਾ ਸਜਾਇਆ। ਭਾਈ ਮਹਿੰਗਾ ਸਿੰਘ ਸਭ ਤੋਂ ਵੱਖਰਾ ਦੋ ਨੁੱਕਰਾਂ ਵਾਲਾ ਦੁਮਾਲਾ ਬੰਨ੍ਹ ਕੇ ਕਈ ਵਾਰ ਅਖ਼ੀਰਲੇ ਲੜ ਦਾ ਸੱਜੇ ਪਾਸੇ ਛੋਟਾ ਜਿਹਾ ਫੁੱਲ ਬਣਾਉਂਦੇ। ਲੱਖ ਕੋਸ਼ਿਸ਼ ਕਰਨ 'ਤੇ ਵੀ ਕਿਸੇ ਤੋਂ ਉਸ ਦੀ ਨਕਲ ਨਾ ਹੁੰਦੀ। ਪਰ ਅੱਜ ਜਦੋਂ ਦੁਮਾਲਾ ਬੰਨ੍ਹਿਆ ਗਿਆ ਤਾਂ ਹੂ-ਬ-ਹੂ ਉਸੇ ਤਰ੍ਹਾਂ ਦਾ ਬੱਝਾ। ਭਾਈ ਅਨੋਖ ਸਿੰਘ ਨੇ ਅਖ਼ੀਰਲੇ ਲੜ ਦਾ ਫਰਲਾ ਛੱਡ ਦਿੱਤਾ ਤੇ ਕਿਹਾ, 'ਲੈ ਬਈ ਸਿੰਘਾ ਤੈਨੂੰ ਤੇ ਤਿਆਰ ਕਰ ਦਿੱਤਾ... ਸਾਡੀ ਵਿਦਾਇਗੀ ਕਿਸ ਹਾਲਤ 'ਚ ਹੋਣੀ ਆ... ਸੱਚੇ ਪਾਤਿਸ਼ਾਹ ਹੀ ਜਾਣਦਾ... ਸਾਡੀਆਂ ਲਾਸ਼ਾਂ ਵੀ ਮਿਲਣੀਆਂ ਕਿ ਨਹੀਂ...।'

ਇਸ ਤੋਂ ਸਿੱਧ ਹੁੰਦਾ ਹੈ ਕਿ ਸਿੰਘਾਂ ਨੇ ਮਰਨਾ ਮਿੱਥਿਆ ਹੋਇਆ ਸੀ।

ਇੰਨੇ ਚਿਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਮਦਮੀ ਟਕਸਾਲ ਦੇ ਸਿੰਘ ਆ ਗਏ। ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਦੁਸ਼ਾਲਾ ਲੈ ਕੇ ਆਏ ਸਨ ਅਤੇ ਉਨ੍ਹਾਂ ਨੇ ਗੋਲੀਬਾਰੀ ਨਾਲ ਹੋਏ ਤਣਾਅਪੂਰਨ ਹਾਲਾਤਾਂ ਕਰਕੇ ਸੰਤਾਂ ਦੇ ਆਪ ਨਾ ਆ ਸਕਣ ਦੀ ਮਜਬੂਰੀ ਦੱਸੀ ਅਤੇ ਨਾਲ ਇਹ ਸੁਨੇਹਾ ਵੀ ਦਿੱਤਾ ਕਿ ਸੰਤ ਜੀ ਕਹਿੰਦੇ ਹਨ ਕਿ, 'ਮੈਂ ਭਾਈ ਮਹਿੰਗਾ ਸਿੰਘ ਦੇ ਭੋਗ 'ਤੇ ਹਰ ਹਾਲਤ ਵਿਚ ਪਹੁੰਚਾਂਗਾ।'

ਅੰਤਮ ਸੰਸਕਾਰ ਲਈ ਤਿਆਰ ਕਰਕੇ ਭਾਈ ਸਾਹਿਬ ਦਾ ਸਰੀਰ ਮੰਜੇ 'ਤੇ ਰੱਖ ਕੇ, ਚਾਰ ਵਜੇ ਦੇ ਕਰੀਬ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਦੇ ਨਾਲ ਜੋੜਾ ਘਰ ਕੋਲ ਰੱਖਿਆ ਗਿਆ। ਇੱਥੋਂ ਪਰਕਰਮਾ ਵਿਚਾਲਿਓਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਹੁੰਦੇ ਸਨ।

"ਵੇ, ਪੁੱਤਰਾ ਤੂੰ ਆਪਣੇ ਬੋਲ ਪੁਗਾ ਗਿਉਂ... ਪੁੱਤਰਾ... ਤੂੰ ਤਾਂ ਸਾਡਾ ਵੀ ਮਾਣ ਵਧਾ ਗਿਐਂ..."

ਉਥੇ ਸਮੇਂ ਦੇ ਵੱਡੇ-ਵੱਡੇ ਆਗੂ ਸਾਹਿਬਾਨ ਅਤੇ ਜਥੇਦਾਰ ਪਹੁੰਚੇ ਹੋਏ ਸਨ। ਜਥੇਦਾਰ ਸੁਖਦੇਵ ਸਿੰਘ ਬੱਬਰ ਨੇ ਦੁਸ਼ਾਲਾ ਲੈ ਕੇ ਆਏ ਦਮਦਮੀ ਟਕਸਾਲ ਦੇ ਸਿੰਘ ਭਾਈ ਸੁਰਜੀਤ ਸਿੰਘ ਨੂੰ ਅੰਤਮ ਅਰਦਾਸ ਕਰਨ ਦੀ ਬੇਨਤੀ ਕੀਤੀ। ਭਾਈ ਸੁਰਜੀਤ ਸਿੰਘ ਨੇ ਬੜੇ ਹੀ ਪ੍ਰੇਮ ਵਿਚ ਭਿੱਜ ਕੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਨਮੁਖ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਦੇ ਹੋਏ ਅਰਦਾਸਾ ਕੀਤਾ।

ਗੁਰੂ ਨਾਨਕ ਨਿਵਾਸ ਵਾਲੇ ਪਾਸੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਦੇ ਬਾਹਰ ਭਾਈ ਸਾਹਿਬ ਦਾ ਸਰੀਰ ਸੰਗਤਾਂ ਦੇ ਦਰਸ਼ਨਾਂ ਲਈ ਰੱਖਿਆ ਗਿਆ ਅਤੇ ਇੱਥੇ ਹੀ ਅੰਤਮ ਸੰਸਕਾਰ ਦੀ ਤਿਆਰੀ ਹੋਈ। ਕਰੀਬ ਇਕ ਘੰਟਾ ਕੀਰਤਨ ਰਾਹੀਂ ਸੰਗਤਾਂ ਨੇ ਸ਼ਹੀਦ ਨੂੰ ਪਿਆਰ ਭਰੀਆਂ ਅਸੀਸੜੀਆਂ ਦਿੱਤੀਆਂ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਆਏ ਦਮਦਮੀ ਟਕਸਾਲ ਦੇ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਿੰਘ, ਬੀਬੀ ਅਮਰਜੀਤ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਸਮੇਤ ਪਹੁੰਚੀਆਂ ਹੋਰ ਅਨੇਕਾਂ ਪੰਥਕ ਸ਼ਖ਼ਸੀਅਤਾਂ ਵਲੋਂ ਸ਼ਹੀਦ ਸਿੰਘ ਨੂੰ ਫੁੱਲਾਂ ਦੇ ਹਾਰ, ਸਿਰੋਪੇ ਅਤੇ ਲੋਈਆਂ, ਦੁਸ਼ਾਲੇ ਭੇਟ ਕੀਤੇ ਗਏ।

ਇੰਦਰਜੀਤ ਸਿੰਘ ਬਾਗ਼ੀ ਅਤੇ ਬੱਗਾ ਸਿੰਘ ਵੀ ਪਹੁੰਚੇ ਹੋਏ ਸਨ, ਜੋ ਲੌਂਗੋਵਾਲ ਦੇ ਖ਼ਾਸਮ-ਖ਼ਾਸ ਸਨ ਅਤੇ ਉਨ੍ਹਾਂ ਕੋਲ ਵੀ ੭-੮ ਹਥਿਆਰਬੰਦ ਸਿੰਘ ਬਾਣੇ ਵਾਲੇ ਹੁੰਦੇ ਸਨ, ਜਿਸ ਕਰਕੇ ਗੁਰਤੇਜ ਸਿੰਘ ਆਈ.ਏ.ਐੱਸ. ਵਰਗੇ ਲੋਕ ਅਕਸਰ ਧੋਖਾ ਖਾ ਜਾਂਦੇ ਸਨ ਕਿ ਇਹ ਬੱਬਰਾਂ ਦੇ ਸਿੰਘ ਹਨ।

ਭਾਈ ਮਹਿੰਗਾ ਸਿੰਘ ਦੇ ਮਾਤਾ ਜੀ ਨੇ ਸਿਰਹਾਣੇ ਖੜ੍ਹੇ ਹੋ ਕੇ ਸ਼ਹੀਦ ਹੋਏ ਪੁੱਤਰ ਦੀਆਂ ਮੁੱਛਾਂ ਨੂੰ ਦੋਹਾਂ ਹੱਥਾਂ ਨਾਲ ਸੰਵਾਰ ਕੇ ਉਤਾਂਹ ਚੁੱਕ ਦਿੱਤਾ। ਮਾਤਾ ਜੀ ਦਾ ਹੌਂਸਲਾ ਵੇਖ ਸਾਰੀ ਸੰਗਤ ਹੈਰਾਨ ਸੀ। ਫਿਰ ਮਾਤਾ ਜੀ ਨੇ ਕੋਲ ਬੈਠ ਕੇ ਦੋਵੇਂ ਹੱਥ ਜੋੜ ਆਖ਼ਰੀ ਫ਼ਤਹਿ ਬੁਲਾਈ ਅਤੇ ਜਥੇਦਾਰ ਸਾਹਿਬ ਨੇ ਭਾਈ ਸਾਹਿਬ ਦੇ ਪਿਤਾ ਜੀ ਨੂੰ ਨਾਲ ਲੈ ਕੇ ਚਿਖ਼ਾ ਨੂੰ ਅਗਨੀ ਦਿਖਾਈ। ਕਰੀਬ ਢਾਈ ਸੌ ਸਾਲ ਬਾਅਦ ਕਿਸੇ ਸਿੰਘ ਦਾ ਇੱਥੇ ਅੰਤਮ ਸੰਸਕਾਰ ਹੋ ਰਿਹਾ ਸੀ। ਭਾਈ ਮਹਿੰਗਾ ਸਿੰਘ ਦੀ ਲਾਸਾਨੀ ਸ਼ਹੀਦੀ ਅਤੇ ਮਾਪਿਆਂ ਵਲੋਂ ਵਿਖਾਈ ਦ੍ਰਿੜ੍ਹਤਾ ਨੇ ਸਾਥੀ ਸਿੰਘਾਂ ਨੂੰ ਹੋਰ ਵੀ ਬਲ ਬਖ਼ਸ਼ਿਆ।

ਭਾਈ ਮਹਿੰਗਾ ਸਿੰਘ ਦੀ ਲਾਸਾਨੀ ਸ਼ਹੀਦੀ ਅਤੇ ਮਾਪਿਆਂ ਵਲੋਂ ਵਿਖਾਈ ਦ੍ਰਿੜ੍ਹਤਾ ਨੇ ਸਾਥੀ ਸਿੰਘਾਂ ਨੂੰ ਹੋਰ ਵੀ ਬਲ ਬਖ਼ਸ਼ਿਆ।

ਤਿੰਨ ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਹੋਣ ਕਰਕੇ ਸੰਗਤਾਂ ਵੱਡੀ ਗਿਣਤੀ ਵਿਚ ਦਰਸ਼ਨਾਂ ਲਈ ਪਹੁੰਚ ਰਹੀਆਂ ਸਨ। ਇਸ ਦਿਨ ਆਪਣੀ ਕਿਸਮ ਦਾ ਨਿਵੇਕਲਾ ਇਕ-ਤਰਫ਼ਾ ਕਰਫ਼ਿਊ ਲੱਗਾ ਸੀ ਜਿਸ ਵਿਚ ਆਉਣ ਦੀ ਖੁੱਲ੍ਹ ਸੀ ਪਰ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਜਾਣ ਦੀ ਮਨਾਹੀ ਸੀ। ਇੱਥੋਂ ਸਿੱਧ ਹੁੰਦਾ ਸੀ ਕਿ ਸਰਕਾਰ ਵਲੋਂ ਪਹਿਲਾਂ ਹੀ ਵੱਧ ਤੋਂ ਵੱਧ ਸੰਗਤਾਂ ਦਾ ਨੁਕਸਾਨ ਕਰਨ ਦੇ ਮਨਸੂਬੇ ਘੜੇ ਗਏ ਸਨ। ਬੱਬਰ ਸਿੰਘਾਂ ਨੇ ਕਾਹਲੀ ਨਾਲ ਸਰਾਂ ਦੇ ਕਮਰੇ ਵਿਚ ਗੁਪਤ ਮੀਟਿੰਗ ਕੀਤੀ ਅਤੇ ਅਗਲੀ ਰਣਨੀਤੀ ਵਿਚਾਰਨ ਲਈ ਭਾਈ ਅਨੋਖ ਸਿੰਘ ਨੂੰ ਕੁਝ ਸਿੰਘਾਂ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਕੋਲ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਿਆ।

ਕਰੀਬ ਡੇਢ ਘੰਟੇ ਬਾਅਦ ਸਿੰਘ ਵਾਪਸ ਆਏ। ਉਨ੍ਹਾਂ ਦੱਸਿਆ ਕਿ ਸੰਤ ਜੀ ਅਤੇ ਜਨਰਲ ਸੁਬੇਗ ਸਿੰਘ ਨਾਲ ਮੁਲਾਕਾਤ ਹੋਈ ਹੈ। ਸੰਤਾਂ ਨੇ ਭਾਈ ਮਹਿੰਗਾ ਸਿੰਘ ਦੀ ਸ਼ਹੀਦੀ ਅਤੇ ਸਾਥੀ ਸਿੰਘਾਂ ਦੀ ਦਲੇਰੀ ਪ੍ਰਤੀ ਬਹੁਤ ਹੀ ਮਾਣ-ਸਤਿਕਾਰ ਬਖ਼ਸ਼ਿਆ। ਜਨਰਲ ਸਾਹਿਬ ਨੇ ਬੜੀ ਬਾਰੀਕੀ ਨਾਲ ਇਸ ਪਾਸੇ ਦੀ ਮੋਰਚਾਬੰਦੀ ਦੀ ਜਾਣਕਾਰੀ ਭਾਈ ਮਨਮੋਹਨ ਸਿੰਘ ਫ਼ੌਜੀ ਪਾਸੋਂ ਲਈ। ਭਾਈ ਅਨੋਖ ਸਿੰਘ ਹੁਰਾਂ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਸੰਤਾਂ ਵਲੋਂ ਗੁਰੂ ਨਾਨਕ ਨਿਵਾਸ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਚਲੇ ਜਾਣ ਉਪਰੰਤ ਹੋਏ ਗੁੰਮਰਾਹਕੁੰਨ ਪ੍ਰਚਾਰ ਬਾਰੇ ਵੀ ਚਰਚਾ ਚੱਲੀ।

ਉਨ੍ਹੀਂ ਦਿਨੀਂ ਕੁਝ ਸ਼ਰਾਰਤੀ ਅਤੇ ਸਰਕਾਰੀ ਅਨਸਰਾਂ ਵਲੋਂ ਦੋ ਜਥੇਬੰਦੀਆਂ ਵਿਚਾਲੇ ਫੁੱਟ ਪਾਉਣ ਲਈ ਇਹ ਝੂਠੀ ਅਫ਼ਵਾਹ ਫੈਲਾਈ ਗਈ ਸੀ ਕਿ ਸੰਤਾਂ ਦੇ ਸਿੰਘਾਂ ਅਤੇ ਬੱਬਰਾਂ ਦੇ ਕੁਝ ਸਿੰਘਾਂ ਵਿਚਾਲੇ ਗੋਲੀ ਚੱਲ ਗਈ ਹੈ। ਸੰਤ ਜੀ ਭਰਾ-ਮਾਰੂ ਜੰਗ ਤੋਂ ਬਚਣ ਖ਼ਾਤਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਚਲੇ ਗਏ ਹਨ।

ਜਦਕਿ ਅਸਲ ਕਹਾਣੀ ਹੋਰ ਸੀ। ਇਕ ਪਾਂਧੀ ਨਾਮ ਦਾ ਢਾਡੀ ਸਿੰਘ ਸੀ, ਜਿਸ ਦੇ ਦੋ ਸਾਥੀ ਬੱਬਰ ਖ਼ਾਲਸਾ ਜਥੇਬੰਦੀ ਦੇ ਮੈਂਬਰ ਸਨ। ਕਿਸੇ ਕਾਰਨ ਉਨ੍ਹਾਂ ਨੂੰ ਜਥੇਬੰਦੀ ਵਿਚੋਂ ਕੱਢ ਦਿੱਤਾ ਗਿਆ ਅਤੇ ਉਹ ਫੈਡਰੇਸ਼ਨ ਨਾਲ ਰਲ ਗਏ ਸਨ। ਸ਼੍ਰੋਮਣੀ ਕਮੇਟੀ ਵਲੋਂ ਹਰ ਜਥੇਬੰਦੀ ਨੂੰ ਗਿਣਤੀ ਦੇ ਕਮਰੇ ਦਿੱਤੇ ਜਾਂਦੇ ਸਨ। ਆਪਣਾ ਕਮਰਾ ਵਾਪਸ ਲੈਣ ਲਈ ਪੰਜ ਸਿੰਘ, ਜਿਨ੍ਹਾਂ ਵਿਚ (ਲੇਖਕ ਦੇ ਪਿਤਾ ਜੀ) ਭਾਈ ਮਹਿਲ ਸਿੰਘ, ਭਾਈ ਸੁਲੱਖਣ ਸਿੰਘ, ਭਾਈ ਕਾਹਨ ਸਿੰਘ, ਭਾਈ ਅਨੋਖ ਸਿੰਘ ਅਤੇ ਭਾਈ ਅਮਰ ਸਿੰਘ ਸ਼ਾਮਲ ਸਨ, ਇਕੱਠੇ ਹੋ ਕੇ ਪਾਂਧੀ ਦੇ ਸਾਥੀ ਸਿੰਘਾਂ ਕੋਲ ਗਏ। ਉਨ੍ਹਾਂ ਨੂੰ ਕਮਰਾ ਖ਼ਾਲੀ ਕਰਨ ਲਈ ਕਿਹਾ ਅਤੇ ਉਹ ਬਿਨਾਂ ਕੋਈ ਹੀਲ-ਹੁੱਜਤ ਕੀਤੇ ਸਾਰਾ ਸਾਮਾਨ ਨਾਲ ਬਿਸਤਰੇ ਚੁੱਕ ਕੇ ਚਲੇ ਗਏ।

ਥੋੜ੍ਹੀ ਦੇਰ ਬਾਅਦ ਹੀ ਹਰਮਿੰਦਰ ਸਿੰਘ ਸੰਧੂ ਆਪਣੇ ਪੰਜ-ਸੱਤ ਸਾਥੀਆਂ ਨਾਲ ਆਇਆ ਅਤੇ ਲਿਆ ਕੇ ਬਿਸਤਰੇ ਦੁਬਾਰਾ ਅੰਦਰ ਰੱਖ ਦਿੱਤੇ। ਬੱਬਰ ਸਿੰਘਾਂ ਨੇ ਕਿਹਾ ਕਿ ਪਹਿਲਾਂ ਤਾਂ ਤੁਸੀਂ ਬਿਨਾਂ ਸਲਾਹ ਕੀਤੇ ਇਨ੍ਹਾਂ ਨੂੰ ਆਪਣੇ ਨਾਲ ਰਲਾਇਆ, ਦੂਜਾ ਜੇ ਰਲਾ ਹੀ ਲਿਆ ਫਿਰ ਹੁਣ ਆਪੇ ਕਮਰੇ ਦਾ ਪ੍ਰਬੰਧ ਵੀ ਕਰੋ, ਇਹ ਸਾਡੀ ਜਥੇਬੰਦੀ ਦਾ ਕਮਰਾ ਹੈ। ਸੰਧੂ ਉਸ ਦਿਨ ਸਾਥੀਆਂ ਨਾਲ ਰਲ ਕੇ ਬਹੁਤ ਤਲਖ਼ਬਾਜ਼ੀ 'ਤੇ ਉੱਤਰ ਆਇਆ, ਰੌਲਾ ਪੈਂਦਾ ਸੁਣ ਕੇ ਸਕੱਤਰ ਭਾਨ ਸਿੰਘ ਵੀ ਆ ਗਏ। ਉਨ੍ਹਾਂ ਨੇ ਸਾਰੀ ਗੱਲ ਸੁਣੀ ਅਤੇ ਸਲਾਹ ਦਿੱਤੀ ਕਿ ਉਹ ਕੱਲ੍ਹ ਤੱਕ ਨਵੇਂ ਕਮਰੇ ਦਾ ਪ੍ਰਬੰਧ ਕਰਕੇ ਸੰਧੂ ਨੂੰ ਦੇ ਦੇਣਗੇ, ਤਦ ਤੱਕ ਇਸ ਕਮਰੇ ਦੀ ਚਾਬੀ ਵੀ ਉਨ੍ਹਾਂ ਨੂੰ ਦੇ ਦਿੱਤੀ ਜਾਵੇ। ਬੱਬਰਾਂ ਨੇ ਜਿੰਦਰਾ ਲਾ ਕੇ ਚਾਬੀ ਭਾਨ ਸਿੰਘ ਨੂੰ ਦੇ ਦਿੱਤੀ ਅਤੇ ਗੱਲ ਖ਼ਤਮ ਕਰਕੇ ਵਾਪਸ ਆ ਗਏ। ਪਰ ਹਰਮਿੰਦਰ ਸਿੰਘ ਸੰਧੂ ਨੇ ਇਹ ਗੱਲ ਨਾ ਮੁਕਾਈ ਅਤੇ ਉਨ੍ਹਾਂ ਨੇ ਜਾ ਕੇ ਹੋ-ਹੱਲਾ ਮਚਾ ਦਿੱਤਾ ਕਿ ਬੱਬਰਾਂ ਨੇ ਗੋਲੀ ਚਲਾ ਦਿੱਤੀ ਹੈ ਅਤੇ ਉਹ ਕਮਰੇ ਬਦਲੇ ਸਾਨੂੰ ਮਾਰਨਾ ਚਾਹੁੰਦੇ ਹਨ। (ਸੰਧੂ ਬਾਰੇ ਇਸ ਘਟਨਾ ਦਾ ਜ਼ਿਕਰ ਸ. ਜਸਵੰਤ ਸਿੰਘ ਕੰਵਲ ਨੇ ਵੀ ਆਪਣੀ ਇਕ ਲਿਖਤ ਵਿਚ ਕੀਤਾ ਹੈ, ਜੋ ਉਸ ਵੇਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਜਨਰਲ ਸੁਬੇਗ ਸਿੰਘ ਹੁਰਾਂ ਨਾਲ ਸੰਤਾਂ ਕੋਲ ਬੈਠਾ ਸੀ।) ਇਸ ਤੋਂ ਅਗਲੇ ਹੀ ਦਿਨ ਸੰਤ ਭਿੰਡਰਾਂਵਾਲੇ ਆਪਣੀ ਰਿਹਾਇਸ਼ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲੈ ਗਏ।

ਅੱਜ ਜਦ ਸਿੰਘਾਂ ਨੇ ਇਹ ਗੱਲ ਸੰਤਾਂ ਨੂੰ ਦੱਸੀ ਤਾਂ ਉਹ ਹੱਸ ਕੇ ਬੋਲੇ ਕਿ ਇਨ੍ਹਾਂ ਗੱਲਾਂ ਦੀ ਪ੍ਰਵਾਹ ਨਾ ਕਰੋ, ਮੈਨੂੰ ਸੰਧੂ ਬਾਰੇ ਪਤਾ ਲੱਗ ਗਿਆ ਹੈ। ਪਰ ਇਨ੍ਹਾਂ ਹਾਲਾਤਾਂ ਵਿਚ ਅਸੀਂ ਮਜਬੂਰ ਹਾਂ। ਤੁਹਾਡੇ ਸਾਥੀ ਭਾਈ ਕੁਲਵੰਤ ਸਿੰਘ ਕੈਸ਼ੀਅਰ ਦੀ ਸੰਧੂ ਬਾਰੇ ਆਖੀ ਗੱਲ ਵੀ ਸਹੀ ਸਾਬਤ ਹੋਈ ਹੈ। ਬਾਕੀ ਸਾਡੇ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਉਣ ਬਾਰੇ, ਜਨਰਲ ਸੁਬੇਗ ਸਿੰਘ ਹੁਰੀਂ ਕੋਲ ਬੈਠੇ ਨੇ, ਕਾਰਨ ਇਨ੍ਹਾਂ ਨੂੰ ਪੁੱਛ ਲਵੋ।

ਭਾਈ ਅਨੋਖ ਸਿੰਘ ਨੇ ਦੱਸਿਆ ਕਿ ਜਨਰਲ ਸਾਹਿਬ ਦਾ ਕਹਿਣਾ ਸੀ ਕਿ ਜੰਗ ਦੇ ਨੁਕਤੇ-ਨਿਗਾਹ ਤੋਂ ਸੰਤਾਂ ਲਈ ਸਭ ਤੋਂ ਢੁੱਕਵਾਂ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਸੀ, ਦੂਜਾ ਸਰਕਾਰ ਵਲੋਂ ਅਖ਼ਬਾਰਾਂ ਵਿਚ ਇਹ ਬਿਆਨ ਆਉਣ 'ਤੇ ਕਿ ਸਰਾਵਾਂ ਸ੍ਰੀ ਦਰਬਾਰ ਸਾਹਿਬ ਦੀ ਹੱਦ ਤੋਂ ਬਾਹਰ ਹਨ, ਸਾਨੂੰ ਅਚਾਨਕ ਇਹ ਕਦਮ ਚੁੱਕਣਾ ਪਿਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅੱਜ ਸਬੂਤਾਂ ਦੇ ਆਧਾਰ 'ਤੇ ਇਹ ਸਾਬਤ ਹੋ ਚੁੱਕਾ ਹੈ ਕਿ ਬ੍ਰਿਟਿਸ਼ ਸਰਕਾਰ ਵਲੋਂ ਕਮਾਂਡੋ ਕਾਰਵਾਈ ਕਰਕੇ ਸੰਤਾਂ ਨੂੰ ਰਾਤ ਦੇ ਸਮੇਂ ਗੁਰੂ ਨਾਨਕ ਨਿਵਾਸ ਵਿਚੋਂ ਹੈਲੀਕਾਪਟਰਾਂ ਰਾਹੀਂ ਗ੍ਰਿਫ਼ਤਾਰ ਕਰਨ ਦੀਆਂ ਵਿਉਂਤਾਂ ਘੜ ਲਈਆਂ ਗਈਆਂ ਸਨ, ਹੋ ਸਕਦਾ ਹੈ ਕਿ ਜਨਰਲ ਸਾਹਿਬ ਨੂੰ ਵੀ ਇਸ ਗੱਲ ਦੀ ਸੂਹ ਜਾਂ ਖ਼ਦਸ਼ਾ ਹੋਵੇ।

ਤੁਰਨ ਲੱਗਿਆਂ ਜਨਰਲ ਸਾਹਿਬ ਕਹਿਣ ਲੱਗੇ ਕਿ ਹਾਲਾਤ ਨਾਜ਼ੁਕ ਹਨ, ਤੁਸੀਂ ਸੰਪਰਕ ਵਿਚ ਰਹਿਣਾ।

ਸ਼ਹੀਦ ਜਨਰਲ ਸੁਬੇਗ ਸਿੰਘ ਜੀ

ਸ਼ਹੀਦ ਭਾਈ ਅਨੋਖ ਸਿੰਘ ਜੀ ਬੱਬਰ

ਜਦ ਇਹ ਗੱਲਾਂ ਹੋ ਰਹੀਆਂ ਸਨ ਤਾਂ 'ਬੱਬਰ' ਜਿਸ ਦਾ ਅਸਲੀ ਨਾਂਅ ਭਾਈ ਰਣਜੀਤ ਸਿੰਘ ਤਰਸਿੱਕਾ ਸੀ, ਪਰ ਸਾਰੀ ਜਥੇਬੰਦੀ ਉਸ ਨੂੰ ਬੱਬਰ ਹੀ ਸੱਦਦੀ ਸੀ, ਨੇ ਆਉਣ ਵਾਲੇ ਸਿੰਘਾਂ ਨੂੰ ਪੁੱਛਿਆ ਕਿ, 'ਸੰਤਾਂ ਕੋਲੋਂ ਹੋਰ ਹਥਿਆਰ ਨਹੀਂ ਲਿਆਂਦੇ?'

ਭਾਈ ਅਨੋਖ ਸਿੰਘ ਨੇ ਹੈਰਾਨ ਹੋ ਕੇ ਉਲਟਾ ਸਵਾਲ ਕੀਤਾ, 'ਭਾਈ ਮਹਿਲ ਸਿੰਘ ਤੇ ਭਾਈ ਸੁਲੱਖਣ ਸਿੰਘ ਨਵਾਂ ਸਾਮਾਨ (ਹਥਿਆਰ) ਨਹੀਂ ਲਿਆਏ?'

'ਸਾਮਾਨ ਤੇ ਇਸ ਵਾਰ ਬਹੁਤ ਆਇਆ ਸੀ ਪਰ ਸਾਰੇ ਪਾਸੇ ਫ਼ੌਜ ਲੱਗੀ ਹੋਣ ਕਰਕੇ ਅੰਦਰ ਨਹੀਂ ਲਿਆਂਦਾ ਜਾ ਸਕਿਆ', ਭਾਈ ਸੁਲੱਖਣ ਸਿੰਘ ਨੇ ਡੂੰਘੀ ਜਿਹੀ ਆਵਾਜ਼ ਵਿਚ ਜੁਆਬ ਦਿੱਤਾ।

'ਬੱਬਰ' ਨੇ ਹਥਿਆਰਾਂ ਦੀ ਘਾਟ ਕਰਕੇ ਫ਼ਿਕਰਮੰਦੀ ਜ਼ਾਹਰ ਕੀਤੀ ਤੇ ਭਾਈ ਅਨੋਖ ਸਿੰਘ ਨੂੰ ਮੁੜ ਕਿਹਾ, 'ਜੋ ਸਾਮਾਨ ਪਿਛਲੀ ਵਾਰੀ ਵੱਡੀ ਮਾਤਰਾ ਵਿਚ ਭਾਈ ਵਧਾਵਾ ਸਿੰਘ ਹੁਰਾਂ ਘੱਲਿਆ ਸੀ, ਉਹ ਸਾਰਾ ਸੰਤਾਂ ਕੋਲ ਹੀ ਪਿਆ ਹੈ, ਤੁਸੀਂ ਆਪਣਾ ਹਿੱਸਾ ਤੇ ਅੱਜ ਲੈ ਆਉਂਦੇ?'

ਕੁਝ ਹੀ ਸਮਾਂ ਪਹਿਲਾਂ ਭਾਈ ਵਧਾਵਾ ਸਿੰਘ ਨੇ ਹਥਿਆਰਾਂ ਦੀਆਂ ਦੋ ਖੇਪਾਂ ਸੰਘਰਸ਼ ਲਈ ਭੇਜੀਆਂ ਸਨ, ਜੋ ਅਜੇ ਵੰਡੀਆਂ ਨਹੀਂ ਸੀ ਗਈਆਂ ਅਤੇ ਸਾਰਾ ਸਾਮਾਨ ਸੰਤਾਂ ਕੋਲ ਹੀ ਪਿਆ ਸੀ।

'ਚਲੋ ਸਿੰਘੋ, ਜੋ ਕੋਲ ਹੈ, ਉਸ ਨੂੰ ਸਵਾਰੋ ਲੋੜ ਪਈ ਤੇ ਫਿਰ ਜਾ ਆਵਾਂਗੇ' ਜਥੇਦਾਰ ਜੀ ਨੇ ਨਾਲ ਹੀ ਸਾਰਿਆਂ ਨੂੰ ਮੋਰਚਿਆਂ ਦੀ ਮੁਰੰਮਤ ਦੀ ਹਦਾਇਤ ਕਰ ਦਿੱਤੀ।

ਗੁਰੂ ਨਾਨਕ ਨਿਵਾਸ ਦੇ ਗੇਟ ਕੋਲ ਸ਼੍ਰੋਮਣੀ ਕਮੇਟੀ ਵਾਲਿਆਂ ਨੇ ਨਵੀਆਂ ਇੱਟਾਂ ਦੇ ਚੱਕੇ ਅਤੇ ਰੇਤ ਦਾ ਢੇਰ ਲਵਾਇਆ ਸੀ। ਭਾਈ ਤਰਸਿੱਕੇ ਦੀ ਸੇਵਾ ਮੋਰਚਿਆਂ ਲਈ ਇੱਟਾਂ ਢੋਣ ਦੀ ਲੱਗ ਗਈ, ਸਾਨੂੰ ਦੋਹਾਂ ਭਰਾਵਾਂ ਨੂੰ ਨਾਲ ਲੈ ਕੇ ਭਾਈ ਤਰਸਿੱਕਾ ਉਥੇ ਪਹੁੰਚ ਗਿਆ। ਉਹ ਬਹੁਤ ਸਕੀਮੀ ਸੀ। ਉਸ ਨੇ ਹੱਸਦਿਆਂ-ਹੱਸਦਿਆਂ ਕਿਹਾ, 'ਚੌਥੀ ਮੰਜ਼ਲ ਤੱਕ ਸਾਰੀਆਂ ਇੱਟਾਂ ਲਿਜਾਣੀਆਂ ਆਪਣੇ ਤਿੰਨਾਂ ਲਈ ਔਖਾ ਕੰਮ ਆ, ਚਲੋ ਸੰਗਤ ਨੂੰ ਸੇਵਾ ਦਾ ਮੌਕਾ ਬਖ਼ਸ਼ੀਏ।'

ਉਹ ਸਾਹਮਣੀ ਸੜਕ 'ਤੇ ਖਲੋ ਕੇ ਸੰਗਤਾਂ ਨੂੰ ਹੱਥ ਜੋੜ ਕੇ ਕਹਿਣ ਲੱਗਾ, 'ਸੰਗਤ ਜੀ ਕਾਰ ਸੇਵਾ ਚੱਲਣ ਡਹੀ ਆ... ਜਨਮ ਸਫਲਾ ਕਰ ਲੋ... ਦੋ-ਦੋ ਇੱਟਾਂ ਚੁੱਕੋ... ਤੇ ਸਰਾਂ ਦੀ ਛੱਤ 'ਤੇ ਲੈ ਚੱਲੋ।'

ਸੰਗਤਾਂ ਨੇ ਹੱਥੋ-ਹੱਥੀ ਸਾਰਾ ਚੱਕਾ ਢੋਅ ਦਿੱਤਾ, ਕਿਉਂਕਿ ਸ਼ਹੀਦੀ ਪੁਰਬ ਕਰਕੇ ਸੰਗਤਾਂ ਬਹੁਤ ਆਈਆਂ ਸਨ। ਨਵੇਂ ਮੋਰਚੇ ਬਣਨ ਲੱਗੇ। ਲੋੜੀਂਦਾ ਰਾਸ਼ਨ ਇਕੱਠਾ ਹੋ ਗਿਆ।

ਕੇਸਰੀ ਦੁਮਾਲੇ ਦੂਰੋਂ ਚਮਕਦੇ ਸਨ, ਇਸ ਲਈ ਫ਼ੌਜੀ ਰੰਗ ਦਾ ਥਾਨ ਲਿਆ ਕੇ ਛੋਟੇ-ਛੋਟੇ ਪਟਕੇ ਬਣਾ ਲਏ, ਜੋ ਦੁਮਾਲਿਆਂ ਦੇ ਉਪਰੋਂ ਬੰਨ੍ਹ ਲਏ ਗਏ, ਕਿਉਂਕਿ ਭਾਈ ਮਹਿੰਗਾ ਸਿੰਘ ਦੇ ਵੀ ਕੇਸਰੀ ਦੁਮਾਲਾ ਦੂਰੋਂ ਦਿਸਣ ਕਰਕੇ ਗੋਲੀ ਲੱਗੀ ਸੀ। ਜਥੇਦਾਰ ਦੇ ਕਮਰੇ ਦੀ ਬਾਰੀ ਵਿਚ ਰੇਤ ਦੀਆਂ ਬੋਰੀਆਂ ਲਾਉਂਦੇ ਸਮੇਂ ੭-੮ ਗੋਲੀਆਂ ਬਾਹਰੋਂ ਚੱਲੀਆਂ ਜੋ ਭਾਈ ਕਾਹਨ ਸਿੰਘ, ਜਥੇਦਾਰ ਭਾਈ ਸੁਖਦੇਵ ਸਿੰਘ ਅਤੇ (ਲੇਖਕ ਦੇ ਪਿਤਾ ਜੀ) ਭਾਈ ਮਹਿਲ ਸਿੰਘ, ਤਿੰਨਾਂ ਦੇ ਮੋਢਿਆਂ ਅਤੇ ਕੰਨਾਂ ਕੋਲੋਂ ਹੁੰਦੀਆਂ ਕੰਧ ਵਿਚ ਵੱਜੀਆਂ।

ਇਕ ਵਾਰੀ ਤੇ ਭਾਈ ਕਾਹਨ ਸਿੰਘ ਨੂੰ ਸ਼ੱਕ ਪਿਆ ਕਿ ਕੋਈ ਸੂਹੀਆ ਹੈ। ਉਸ ਦੇ ਕਹਿਣ 'ਤੇ ਭਾਈ ਹੀਰੇ ਅਤੇ ਪਾੜੇ ਹੁਰੀਂ ਸ਼ੱਕ ਵਿਚ ਇਕ ਬੰਦਾ ਫੜ ਲਿਆਏ, ਉਸ ਦੀ ਸੇਵਾ ਹੋਣ ਹੀ ਲੱਗੀ ਸੀ ਕਿ (ਲੇਖਕ ਦੇ ਪਿਤਾ ਜੀ) ਭਾਈ ਮਹਿਲ ਸਿੰਘ ਨੇ ਆ ਕੇ ਛੁਡਾ ਦਿੱਤਾ, ਕਿਉਂਕਿ ਉਹ ਹੇਠਾਂ ਜਾ ਕੇ ਵੇਖ ਆਏ ਸਨ ਕਿ ਬੋਰੀਆਂ ਕਮਰੇ ਵਿਚੋਂ ਕਾਫ਼ੀ ਬਾਹਰਵਾਰ ਨਿਕਲੀਆਂ ਸਨ ਅਤੇ ਦੂਰੋਂ ਦਿੱਸਦਾ ਸੀ ਕਿ ਕਮਰੇ ਵਿਚ ਮੋਰਚਾ ਬਣ ਰਿਹਾ ਹੈ।

ਸਾਰਾ ਦਿਨ ਤਿਆਰੀਆਂ ਵਿਚ ਲੰਘ ਗਿਆ। ਗੋਲੀ ਚੱਲਣ ਦੀ ਖ਼ਬਰ ਸੁਣ ਕੇ ਮਾਤਾ ਜੀ ਵੀ ਸ੍ਰੀ ਦਰਬਾਰ ਸਾਹਿਬ ਸਾਡੇ ਕੋਲ ਹੀ ਆ ਗਏ। ਓਨਾ ਅਸੀਂ ਉਨ੍ਹਾਂ ਕੋਲੋਂ ਵਿਆਹ ਬਾਰੇ ਨਹੀਂ ਪੁੱਛਿਆ, ਜਿੰਨਾ ਉਨ੍ਹਾਂ ਨੇ ਸਾਡੇ ਕੋਲੋਂ ਇਕ ਅਤੇ ਦੋ ਤਾਰੀਖ਼ ਦੀਆਂ ਘਟਨਾਵਾਂ ਬਾਰੇ ਜਾਣਿਆ ਸੀ। ਤਿੰਨ ਤਾਰੀਖ਼ ਦੀ ਰਾਤ ਨੂੰ ਅਸੀਂ ਗੁਰੂ ਨਾਨਕ ਨਿਵਾਸ ਦੀ ਛੱਤ 'ਤੇ ਹੀ ਸੌਂ ਗਏ।

- ਭਾਗ ਤੀਜਾ -

ਜੰਗ ਮੁਸਾਫਾ ਬੱਝਿਆ...

ਰੋਜ਼ਾਨਾ ਵਾਂਗ ੪ ਜੂਨ ਨੂੰ ਅੰਮ੍ਰਿਤ ਵੇਲੇ ਵੀ ਅੰਮ੍ਰਿਤਸਰ ਸਾਹਿਬ ਵਿਚ ਅੰਮ੍ਰਿਤਮਈ ਮਾਹੌਲ ਸੀ। ਗੁਰਪੁਰਬ ਹੋਣ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਪਰਕਰਮਾ ਵਿਚ ਦੂਰ-ਦੂਰ ਤੱਕ ਸਜੀਆਂ ਬੈਠੀਆਂ ਸਨ। ਸ੍ਰੀ ਦਰਬਾਰ ਸਾਹਿਬ ਤੋਂ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਮਿੱਠੀ-ਮਿੱਠੀ ਆਵਾਜ਼ ਸ਼ਾਂਤ-ਚਿੱਤ ਬੈਠੀਆਂ ਸੰਗਤਾਂ ਦੇ ਤਨ-ਮਨ ਠਾਰ ਰਹੀ ਸੀ। ਸਦੀਆਂ ਤੋਂ ਚੱਲੇ ਆਉਂਦੇ ਇਸ ਪਰੰਪਰਾਗਤ ਸੱਚਖੰਡੀ ਮਾਹੌਲ ਵਿਚ ਉਸ ਵੇਲੇ ਖਲਬਲੀ ਮੱਚ ਗਈ ਜਦੋਂ ਹਿੰਦੁਸਤਾਨੀ ਫ਼ੌਜਾਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਧ ਲਗਾ ਕੇ ੪ ਵੱਜ ਕੇ ੨੦ ਮਿੰਟ 'ਤੇ ਪਹਿਲਾ ਗੋਲਾ ਦਾਗ਼ਿਆ ਗਿਆ, ਜੋ ਲਾਗਲੀ ਇਮਾਰਤ 'ਤੇ ਜਾ ਡਿੱਗਿਆ। ਜਲਦ ਹੀ ਦੂਜੇ ਗੋਲੇ ਨਾਲ ਜ਼ੋਰਦਾਰ ਧਮਾਕਾ ਹੋਇਆ। ਬੱਬਰ ਸਿੰਘ, ਗੁਰੂ ਨਾਨਕ ਨਿਵਾਸ ਦੀ ਛੱਤ ਉਪਰ ਗੁਰਮੰਤ੍ਰ ਵਾਹਿਗੁਰੂ ਨਾਮ ਦੇ ਜਾਪ ਉਪਰੰਤ ਨਿੱਤਨੇਮ ਕਰ ਰਹੇ ਸਨ। ਪਿਤਾ ਜੀ (ਭਾਈ ਮਹਿਲ ਸਿੰਘ ਬੱਬਰ) ਬਾਣੀ ਪੜ੍ਹ ਰਹੇ ਸਨ ਕਿ ਅਚਾਨਕ ਹੋਏ ਦੋ ਧਮਾਕਿਆਂ ਤੋਂ ਬਾਅਦ ਗੋਲੀ ਚੱਲਣੀ ਸ਼ੁਰੂ ਹੋ ਗਈ। ਸਾਰੇ ਸਿੰਘ ਛੱਤ ਤੋਂ ਹੇਠਾਂ ਕਮਰਿਆਂ ਵਿਚ ਆ ਗਏ।

ਕਾਹਲੀ ਵਿਚ ਜਥੇਦਾਰ ਸੁਖਦੇਵ ਸਿੰਘ ਬੱਬਰ ਨੇ ਜੁਝਾਰੂਆਂ ਦੀ ਮੀਟਿੰਗ ਸੱਦੀ। ਸਭ ਨੇ ਸੰਖੇਪ ਰੂਪ ਵਿਚ ਯੁੱਧ-ਨੀਤੀ 'ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਸਿੰਘਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ। ਸਭ ਆਪੋ ਆਪਣੇ ਮੋਰਚਿਆਂ ਵਿਚ ਡੱਟ ਗਏ।

ਅੱਜ ਇਕ ਵਾਰ ਫੇਰ ਕਰੀਬ ਡੇਢ ਸੌ ਸਾਲ ਬਾਅਦ ਹਿੰਦ-ਪੰਜਾਬ ਦਾ ਜੰਗ ਹੋਣ ਲੱਗਾ ਸੀ।

ਤੋਪ ਦੇ ਗੋਲਿਆਂ ਨਾਲ ਕੀਤੀ ਸ਼ੁਰੂਆਤ ਨਾਲ ਹੁਣ ਫ਼ੌਜ ਦੀ ਨੀਅਤ 'ਤੇ ਕੋਈ ਸ਼ੱਕ ਨਹੀਂ ਰਹਿ ਗਿਆ ਸੀ ਕਿ ਉਹ ਆਪਣੇ ਹੀ ਦੇਸ਼ ਵਿਚ ਸਥਿਤ ਧਾਰਮਿਕ ਅਸਥਾਨ ਉਪਰ ਹਮਲੇ ਵਿਚ ਹਰ ਅਯੋਗ ਹੀਲਾ ਵਰਤਣ ਲਈ ਤਿਆਰ ਸੀ। ਜੇਕਰ ਫ਼ੌਜੀਆਂ ਕੋਲ ਵਧੀਆ ਹਥਿਆਰ ਸਨ ਤਾਂ ਸਿੰਘਾਂ ਕੋਲ ਬੁਲੰਦ ਹੌਂਸਲੇ ਸਨ।

ਬਾਬਾ ਸਾਹਿਬ ਚੌਂਕ ਦੇ ਸਰਕਾਰੀ ਮੋਰਚੇ ਵਿਚ ਬੀੜੀ ਐੱਲ.ਐੱਮ.ਜੀ. ਸਿੰਘਾਂ ਦਾ ਕਾਫ਼ੀ ਨੁਕਸਾਨ ਕਰ ਰਹੀ ਸੀ। ਹੇਠਾਂ ਬਾਜ਼ਾਰ ਵਿਚਾਲੇ ਹੋਣ ਕਰਕੇ ਅਤੇ ਸਿੰਘਾਂ ਕੋਲ ੩੦੩ ਅਤੇ ੩੧੫ ਬੋਰ ਦੀਆਂ ਬੰਦੂਕਾਂ ਹੋਣ ਕਰਕੇ ਇਹ ਮੋਰਚਾ ਫ਼ਤਹਿ ਨਹੀਂ ਸੀ ਹੋ ਰਿਹਾ।

ਜਥੇਦਾਰ ਸਾਬ੍ਹ ਨਾਲ ਸਲਾਹ ਕਰਕੇ ਭਾਈ ਬੇਗ (ਇਹ ਨਾਂਅ ਸਰਕਾਰ ਲਈ ਬੁਝਾਰਤ ਹੀ ਰਿਹਾ) ਅਤੇ ਪਿਤਾ ਜੀ (ਭਾਈ ਮਹਿਲ ਸਿੰਘ ਬੱਬਰ) ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗਏ, ਤਾਂ ਜੋ ਭਾਈ ਵਧਾਵਾ ਸਿੰਘ ਬੱਬਰ ਹੁਰਾਂ ਵਲੋਂ ਪਾਕਿਸਤਾਨੋਂ ਭੇਜੇ ਹਥਿਆਰਾਂ ਦੀ ਖੇਪ ਵਿਚੋਂ ਵਧੀਆ ਬੰਦੂਕਾਂ ਅਤੇ ਹੋਰ ਗੋਲਾ-ਬਾਰੂਦ ਲਿਆਂਦਾ ਜਾਵੇ। ਬਿਨਾਂ ਉਡੀਕ ਕੀਤਿਆਂ ਭਾਈ ਤਰਸਿੱਕੇ ਨੇ ਆਪਣੀਆਂ ਸਕੀਮਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ।

ਇੰਗਲੈਂਡ ਦੇ ਸਿੰਘਾਂ ਵਲੋਂ ਬੱਚਿਆਂ ਦੇ ਖੇਡਣ ਲਈ ਇਕ ਰਿਮੋਟ ਵਾਲੀ ਕਾਰ ਭੇਜੀ ਗਈ ਸੀ। ਸਾਡੇ ਤੋਂ ਉਹ ਕਾਰ, ਇਹ ਕਹਿ ਕੇ ਲੈ ਗਿਆ ਕਿ ਉਸ ਨਾਲ ਬੰਬ ਬੰਨ੍ਹ ਕੇ ਬਾਜ਼ਾਰ ਵਿਚ ਛੱਡਣਾ ਹੈ। ਪਾਵਰ ਘੱਟ ਹੋਣ ਕਰਕੇ ਅਤੇ ਰਿਮੋਟ ਦੀ ਰੇਂਜ ਘੱਟ ਹੋਣ ਕਰਕੇ ਉਸ ਦੀ ਇਹ ਸਕੀਮ ਕਾਮਯਾਬ ਨਹੀਂ ਸੀ ਹੋ ਸਕਦੀ।

ਕੋਈ ਹੀਲਾ ਨਾ ਚੱਲਦਾ ਵੇਖ ਉਸ ਨੇ ਬਾਜ਼ ਵਰਗੀ ਫੁਰਤੀ ਵਿਖਾਈ ਅਤੇ ਟੋਕੇ ਦੀ ਗਰਾਰੀ ਵਾਲਾ ਦੇਸੀ ਬੰਬ ਲੈ ਕੇ ਨਾਲ ਲੱਗਦੇ ਮਕਾਨਾਂ ਦੀਆਂ ਛੱਤਾਂ ਟੱਪਦੇ, ਭੱਜਦੇ ਹੋਏ ਨੇ ਜਾ ਹੇਠਾਂ ਫ਼ੌਜੀ ਮੋਰਚੇ ਵਿਚ ਸੁੱਟਿਆ। ਧਮਾਕੇ ਨਾਲ ਮੋਰਚੇ ਵਿਚਲੇ ਸਾਰੇ ਫ਼ੌਜੀ ਮਾਰੇ ਗਏ ਅਤੇ ਅੰਦਰ ਅੱਗ ਲੱਗ ਗਈ। ਉਸੇ ਹੀ ਫੁਰਤੀ ਨਾਲ ਗੋਲੀਆਂ ਦੀ

ਮਾਰ ਤੋਂ ਬਚਦਾ ਹੋਇਆ ਉਹ ਵਾਪਸ ਪਹੁੰਚ ਗਿਆ। ਜਿੱਥੇ ਸਿੰਘ ਉਸ ਦੀ ਬਹਾਦਰੀ 'ਤੇ ਖ਼ੁਸ਼ ਸਨ, ਉਥੇ ਭਾਈ ਤਰਸਿੱਕੇ ਨੂੰ ਇਸ ਗੱਲ ਦਾ ਝੋਰਾ ਸੀ ਕਿ ਜੇ ਅੱਗ ਨਾ ਲੱਗਦੀ ਤਾਂ ਉਸ ਨੇ ਫ਼ੌਜੀਆਂ ਦੀ ਐੱਲ.ਐੱਮ.ਜੀ. ਗੰਨ ਚੁੱਕ ਲਿਆਉਣੀ ਸੀ।

ਪੱਠੇ ਕੁਤਰਨ ਵਾਲੇ ਟੋਕੇ ਦੀਆਂ ਗਰਾਰੀਆਂ ਵਿਚ ਬਾਰੂਦ ਭਰ ਕੇ ਬਣਾਏ ਦੇਸੀ ਬੰਬ 'ਬੱਬਰਾਂ ਦੀ ਫੈਕਟਰੀ' ਵਿਚ ਤਿਆਰ ਕੀਤੇ ਜਾਂਦੇ ਸਨ।

ਦੁਪਹਿਰ ਤੱਕ ਭਾਈ ਬੇਗ ਅਤੇ ਪਿਤਾ ਜੀ (ਭਾਈ ਮਹਿਲ ਸਿੰਘ ਬੱਬਰ) ਵਾਪਸ ਆਏ ਤਾਂ ਉਨ੍ਹਾਂ ਦੇ ਹੱਥ ਵਿਚ ਇਕ ਐੱਸ.ਐੱਲ.ਆਰ. ਅਤੇ ਕੁਝ ਗੋਲੀਆਂ ਸਨ। ਮੱਖੀ ਪਿੰਡ ਵਾਲੇ ਭਲਵਾਨ ਗੁਰਨਾਮ ਸਿੰਘ ਨੇ ਹੈਰਾਨੀ ਨਾਲ ਪੁੱਛਿਆ, "ਸਿਰਫ਼ ਇਕੋ ਹੀ ਲਿਆਂਦੀ ਆ? ਕੀ ਗੱਲ ਭਾਰ ਲੱਗਦਾ ਸੀ...? ਮੈਨੂੰ ਲੈ ਜਾਂਦੇ...।"

"ਨਾ... 'ਕੱਲਾ ਤੂੰ ਈ ਭਲਵਾਨ ਆ ਦੁਨੀਆ 'ਤੇ... ਜੇ ਅਸੀਂ ਪੰਡਾਂ ਦੀਆਂ ਪੰਡਾਂ ਪਾਰੋਂ ਢੋਅ ਸਕਦੇ ਹਾਂ ਤੇ ਹੁਣ ਸਾਨੂੰ ਕੀ ਹੋ ਗਿਆ?" ਪਹਿਲਾਂ ਹੀ ਨਾਰਾਜ਼ ਲੱਗਦੇ ਭਾਈ ਬੇਗ ਨੇ ਜਵਾਬ ਦਿੱਤਾ।

ਉਨ੍ਹਾਂ ਦੱਸਿਆ ਕਿ ਭਾਈ ਅਮਰੀਕ ਸਿੰਘ ਨੇ ਮਜਬੂਰੀ ਜ਼ਾਹਰ ਕੀਤੀ ਸੀ ਕਿ ਜੋ ਸ਼ਸਤਰ ਤੁਸੀਂ ਪਾਰੋਂ ਲਿਆਂਦੇ ਸਨ ਉਹ ਤੁਹਾਡੇ ਆਉਣ ਤੋਂ ਪਹਿਲਾਂ ਹੀ ਜਨਰਲ ਸੁਬੇਗ ਸਿੰਘ ਹੁਰਾਂ ਵਲੋਂ ਸਿੰਘਾਂ ਨੂੰ ਵੰਡੇ ਜਾ ਚੁੱਕੇ ਹਨ।

ਕੋਈ ਹੀਲਾ ਨਾ ਚੱਲਦਾ ਵੇਖ ਉਸ ਨੇ ਬਾਜ਼ ਵਰਗੀ ਫੁਰਤੀ ਵਿਖਾਈ ਅਤੇ ਟੋਕੇ ਦੀ ਗਰਾਰੀ ਵਾਲਾ ਦੇਸੀ ਬੰਬ ਲੈ ਕੇ ਨਾਲ ਲੱਗਦੇ ਮਕਾਨਾਂ ਦੀਆਂ ਛੱਤਾਂ ਟੱਪਦੇ, ਭੱਜਦੇ ਹੋਏ ਨੇ ਜਾ ਹੇਠਾਂ ਫ਼ੌਜੀ ਮੋਰਚੇ ਵਿਚ ਸੁੱਟਿਆ।

ਸਿਰਫ਼ ਇਕ ਕਾਰਬਾਈਨ ਦੇਣ 'ਤੇ ਭਾਈ ਬੇਗ ਥੋੜ੍ਹਾ ਤਲਖ਼ੀ ਵਿਚ ਵੀ ਆ ਗਏ ਸਨ ਕਿਉਂਕਿ ਜਿਸ ਮਿਹਨਤ ਨਾਲ ਉਨ੍ਹਾਂ ਨੇ ਸਾਥੀਆਂ ਸਮੇਤ ਸਾਮਾਨ (ਹਥਿਆਰ) ਢੋਹਿਆ ਸੀ, ਉਸ ਵਿਚੋਂ ਉਨ੍ਹਾਂ ਨੂੰ ਕੁਝ ਨਹੀਂ ਸੀ ਮਿਲਿਆ। ਇਸ ਗੱਲਬਾਤ ਦਾ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਇਕ ਐੱਸ.ਐੱਲ.ਆਰ. ਅਤੇ ਪੰਜਾਹ ਗੋਲੀਆਂ ਦਿਵਾ ਦਿੱਤੀਆਂ ਅਤੇ ਨਾਲ ਹੀ ਕਿਹਾ ਕਿ ਸ਼ਾਮ ਤੱਕ ਉਹ ਹੋਰ ਪ੍ਰਬੰਧ ਕਰ ਦੇਣਗੇ।

ਇਹ ਗੱਲਬਾਤ ਚੱਲ ਹੀ ਰਹੀ ਸੀ ਕਿ ਸੰਤਾਂ ਵਲੋਂ ਸੁਨੇਹਾ ਆ ਗਿਆ ਕਿ ਹੋ ਸਕੇ ਤਾਂ ਭਾਈ ਮਹਿਲ ਸਿੰਘ ਹੁਰਾਂ ਨੂੰ ਵਾਪਸ ਭੇਜਿਆ ਜਾਵੇ, ਤਾਂਕਿ ਟਰਾਂਸਮੀਟਰ ਚਲਾਇਆ ਜਾ ਸਕੇ। ਏਅਰ ਫੋਰਸ ਦੀ ਸਿਖਲਾਈ ਲੈਣ ਕਰਕੇ ਪਿਤਾ ਜੀ ਨੂੰ ਹਥਿਆਰਾਂ ਅਤੇ ਇਲੈਕਟ੍ਰਾਨਿਕ ਦੀ ਕਾਫ਼ੀ ਜਾਣਕਾਰੀ ਸੀ।

ਉਹ ਵਰ੍ਹਦੀਆਂ ਗੋਲੀਆਂ ਵਿਚ ਦੁਬਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚਲੇ ਗਏ। ਉਨ੍ਹਾਂ ਨੇ ਟਰਾਂਸਮੀਟਰ ਚਲਾ ਤਾਂ ਦਿੱਤਾ ਪਰ 'ਕੋਡ' ਨਾ ਹੋਣ ਕਰਕੇ ਕਿਤੇ ਸੰਪਰਕ ਨਾ ਹੋ ਸਕਿਆ। ਡਾ. ਜਗਜੀਤ ਸਿੰਘ ਚੌਹਾਨ ਦਾ ਭੇਜਿਆ ਬੰਦਾ 'ਹਮਲਾ' ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਹੀ 'ਕੋਡ ਨੰਬਰ' ਨਾਲ ਲੈ ਕੇ ਬਾਹਰ ਜਾ ਚੁੱਕਾ ਸੀ। ਇਸ ਹਰਕਤ ਨਾਲ ਡਾ. ਚੌਹਾਨ ਵਲੋਂ ਸਿੰਘਾਂ ਨੂੰ ਲੋੜ ਪੈਣ 'ਤੇ ਬਾਹਰੋਂ ਮਦਦ ਦਿਵਾਉਣ ਦੇ ਵਿਖਾਏ ਸਬਜ਼ਬਾਗ਼ ਧਰੇ-ਧਰਾਏ ਰਹਿ ਗਏ। ਉਸ ਨੇ ਭਰੋਸਾ ਦਿਵਾਇਆ ਸੀ ਕਿ ਤੁਹਾਡੇ ਵਲੋਂ ਸੰਪਰਕ ਕਰਨ 'ਤੇ ਗੁਆਂਢੀ ਮੁਲਕ ਭਾਰਤ 'ਤੇ ਹਮਲਾ ਕਰ ਦੇਵੇਗਾ, ਜਿਸ ਨਾਲ ਹਿੰਦੁਸਤਾਨੀ ਫ਼ੌਜ ਦੋਹਰੇ ਹਮਲੇ ਨਾਲ ਨੁਕਸਾਨੀ ਜਾਵੇਗੀ। ਇਸ ਟਰਾਂਸਮੀਟਰ ਦੇ ਜ਼ਰੀਏ ਗੁਆਂਢ ਮੁਲਕ ਨਾਲ ਸੰਪਰਕ ਕੀਤਾ ਜਾਣਾ ਸੀ। ਇਕ ਵਾਇਰਲੈੱਸ ਸੈੱਟ ਬੱਬਰ ਸਿੰਘਾਂ ਕੋਲ ਸੀ, ਜੋ ਫਰਵਰੀ ਮਹੀਨੇ ਵਿਚ ਸੀ.ਆਰ.ਪੀ. ਨਾਲ ਹੋਈ ਲੜਾਈ ਤੋਂ ਬਾਅਦ ਉਨ੍ਹਾਂ ਦੇ ਮੋਰਚੇ ਵਿਚੋਂ ਸਿੰਘਾਂ ਨੇ ਚੁੱਕ ਲਿਆਂਦਾ ਸੀ। ਨਾਲ ਹੀ ਦੋ ੩੦੩ (ਥ੍ਰੀ-ਨਟ-ਥ੍ਰੀ) ਦੀਆਂ ਬੰਦੂਕਾਂ ਵੀ ਸਨ। ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲਿਆਂ ਦੇ ਕਹਿਣ 'ਤੇ ਵੀ ਬੱਬਰਾਂ ਨੇ ਇਹ ਸਰਕਾਰੀ ਸਾਮਾਨ ਵਾਪਸ ਨਹੀਂ ਸੀ ਕੀਤਾ। ਇਕ ੩੦੩ ਦੀ ਬੰਦੂਕ ਤਾਂ ਭਾਈ ਅਨੋਖ ਸਿੰਘ ਬੱਬਰ ਨੇ ਪੱਕੀ ਆਪਣੇ ਮੋਢੇ 'ਤੇ ਰੱਖ ਲਈ ਸੀ। ਇਹ ਵਾਇਰਲੈੱਸ ਸੈੱਟ ਨਾ ਚੱਲਣ ਕਰਕੇ ਕਾਫ਼ੀ ਦੇਰ ਬੰਦ ਪਿਆ ਰਿਹਾ। ਪਤਾ ਨਹੀਂ ਅੱਜ ਕੀ ਦਿਮਾਗ਼ ਵਿਚ ਆਇਆ ਕਿ ਜਥੇਦਾਰ ਨੇ ਭਾਈ ਹੀਰਾ ਸਿੰਘ ਪੱਧਰੀ ਨੂੰ ਕਿਹਾ,

"ਲਿਆ ਹੀਰਿਆ ਵਾਇਰਲੈੱਸ ਖੋਲ੍ਹੀਏ।"

ਹੀਰਾ ਸਿੰਘ ਨੇ ਬਥੇਰੀ ਨਾਂਹ-ਨੁੱਕਰ ਕੀਤੀ ਕਿ,

"ਜਥੇਦਾਰ ਜੀ! ਜੇ ਸੈੱਟ ਇਕ ਵਾਰੀ ਖੁੱਲ੍ਹ ਗਿਆ... ਮੁੜ ਸੂਤਰ ਨਹੀਂ ਆਉਣਾ।"

"ਤੂੰ ਉਰਾਂ ਕਰ ਵੇਖੀਂ ਚੱਲਦਾ ਕਿੱਤਰਾਂ। ਜੇ ਭਲਾ ਨਾ ਵੀ ਚੱਲੂ ਤੇ ਆਪਾਂ ਕੀ ਪਤਾ ਰਹਿਣਾ ਕਿ ਨਹੀਂ ਰਹਿਣਾ, ਫਿਰ ਇਹਨੇਂ ਇੱਥੇ ਪਏ ਨੇ ਕੀ ਕਰਨਾ। ਜਿੱਥੇ ਗਈਆਂ ਬੇੜੀਆਂ ਉਥੇ ਗਏ ਮਲਾਹ।"

ਇਹ ਕਹਿ ਕੇ ਜਥੇਦਾਰ ਨੇ ਸੈੱਟ ਜ਼ਮੀਨ 'ਤੇ ਮੂਧਾ ਮਾਰਿਆ ਅਤੇ ਪੇਚਕਸ ਲੈ ਕੇ ਉਧੇੜ ਦਿੱਤਾ। ਸਿਰ 'ਤੇ ਦੁਮਾਲਾ, ਗਲ ਚਿੱਟੀ ਫਤੂਹੀ, ਉਤੋਂ ਦੀ ਗੋਲੀਆਂ ਦੇ ਪਟੇ ਵਾਲਾ ੩੮ ਬੋਰ ਸਪੈਸ਼ਲ ਬਰੈਟਾ ਦਾ ਪਿਸਟਲ ਅਤੇ ਤੇੜ ਗਿੱਟਿਆਂ ਤੀਕ ਕਛਹਿਰਾ ਪਾਈ ਬੈਠਾ ਜਥੇਦਾਰ ਇੰਜ ਲੱਗ ਰਿਹਾ ਸੀ ਜਿਵੇਂ ਕੋਈ ਨਿਹੰਗ ਸਿੰਘ ਅੱਜ ਵਾਇਰਲੈੱਸ ਦਾ ਰਗੜਾ ਲਾਉਣ ਲੱਗਾ ਹੋਵੇ। ਸਾਬਕਾ ਫ਼ੌਜੀ ਭਾਈ ਸਵਰਨ ਸਿੰਘ ਘੋੜੇਵਾਹ ਵੀ ਨਾਲ ਹੀ ਜੁਟ ਗਿਆ।

ਉਦੋਂ ਕਿਸੇ ਦੀ ਵੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਅੱਧੇ ਪੌਣੇ ਘੰਟੇ ਦੀ ਜੱਦੋ-ਜਹਿਦ ਕਰਕੇ ਦੋਵਾਂ ਨੇ ਸੈੱਟ ਚਾਲੂ ਕਰ ਦਿੱਤਾ। ਫਰੀਕੁਐਂਸੀ ਮਿਲਾਈ ਤੇ ਫ਼ੌਜ ਦੀਆਂ ਵਾਇਰਲੈੱਸ 'ਤੇ ਹੋਣ ਵਾਲੀਆਂ ਆਪਸੀ ਗੱਲਾਂ ਸੁਣਾਈ ਦੇਣ ਲੱਗੀਆਂ। ਇਸ ਨਾਲ ਫ਼ੌਜ ਦੀਆਂ ਗਤੀਵਿਧੀਆਂ ਦੀ ਬਹੁਤ ਅਹਿਮ ਜਾਣਕਾਰੀ ਮਿਲਣ ਲੱਗ ਪਈ ਸੀ। ਦੂਰਬੀਨ ਰਾਹੀਂ ਵੀ ਸਰਕਾਰੀ ਮੋਰਚਿਆਂ ਦੀ ਨਿਸ਼ਾਨਦੇਹੀ ਕਰਕੇ ਸਿੰਘਾਂ ਵਲੋਂ ਫ਼ੌਜੀਆਂ ਦਾ ਵੱਧ ਤੋਂ ਵੱਧ ਨੁਕਸਾਨ ਕੀਤਾ ਜਾ ਰਿਹਾ ਸੀ। ਸਿੰਘਾਂ ਨੇ ਰਾਤ ਦਾ ਹੀ ਲੰਗਰ ਛਕਿਆ ਸੀ। ਸਵੇਰ ਤੋਂ ਭੁੱਜੇ ਛੋਲੇ ਅਤੇ ਜਲ ਦੇ ਆਸਰੇ ਹੀ ਸਿੰਘ ਡਟੇ ਹੋਏ ਸਨ। ਇਸ ਘੱਲੂਘਾਰੇ ਦੌਰਾਨ ਜਿੱਥੇ ਸਿੰਘ ਜਾਨਾਂ ਹੂਲ ਕੇ ਜੰਗ ਲੜੇ ਸਨ ਉਥੇ ਆਸ-ਪਾਸ ਵੱਸਦੀਆਂ ਸੰਗਤਾਂ ਨੇ ਵੀ ਭਾਈ ਘਨ੍ਹੱਈਏ ਦੀ ਮਿਸਾਲ ਪੇਸ਼ ਕੀਤੀ ਸੀ।

ਸ਼ਾਮ ਤੱਕ ਸ਼ਹਿਰ ਦੀਆਂ ਵਸਨੀਕ ਸੰਗਤਾਂ ਨੇ ਗੁਰੂ ਨਾਨਕ ਨਿਵਾਸ ਦੀ ਬਾਗ਼ ਵਾਲੀ ਗਲੀ ਨਾਲ ਲੱਗਦੀ ਕੰਧ ਪਾੜ ਦਿੱਤੀ ਅਤੇ ਘਰਾਂ ਵਿਚੋਂ ਮਿੱਸੇ ਪਰਸ਼ਾਦੇ ਤਿਆਰ ਕਰਕੇ ਅੰਦਰ ਸੰਗਤਾਂ ਨੂੰ ਛਕਾਉਣ ਲਈ ਲੈ ਆਂਦੇ। ਕਈ ਅਨਜਾਣ ਲਿਖਾਰੀ ਲਿਖ ਦਿੰਦੇ ਹਨ ਕਿ ਇਹ ਕੰਧ ਬੱਬਰਾਂ ਨੇ ਪਾੜੀ ਸੀ।

ਇਸ ਰਸਤੇ ਇਕ ਬਜ਼ੁਰਗ ਅਤੇ ਉਸ ਦੇ ਜਵਾਨ ਪੁੱਤਰ ਨੇ ਗੋਲੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਕਈ ਚੱਕਰ ਲਾਏ। ਉਹ ਸਿਰਾਂ 'ਤੇ ਪਰਸ਼ਾਦਿਆਂ ਦੇ ਟੋਕਰੇ ਰੱਖ ਕੇ ਆਉਂਦੇ ਅਤੇ ਹੱਥਾਂ ਵਿਚ ਜਲ ਦੀਆਂ ਬਾਲਟੀਆਂ ਫੜੀ ਇਕੱਲੇ-ਇਕੱਲੇ ਮੋਰਚੇ ਅਤੇ ਕਮਰੇ ਵਿਚ ਜਾ ਕੇ ਲੰਗਰ ਛਕਾਉਂਦੇ।

ਤੀਜੇ ਚੱਕਰ ਵਿਚ ਉਨ੍ਹਾਂ ਨਾਲ ਇਕ ਬਜ਼ੁਰਗ ਮਾਤਾ ਵੀ ਆਈ, ਜੋ ਸਰਾਂ ਦੇ ਪਿਛਲੇ ਪਾਸੇ ਘਰਾਂ ਵਿਚ ਰਹਿੰਦੀ ਸੀ। ਮਾਤਾ ਆਉਂਦਿਆ ਹੀ ਬੜੇ ਪਿਆਰ ਨਾਲ ਬੋਲੀ, "ਮੈਂ ਆਖਿਆ ਇਕ ਵਾਰੀ ਵੇਖ ਈ ਆਵਾਂ ਫਿਰ ਪਤਾ ਨਹੀਂ ਕਦੇ ਮੇਲੇ ਹੋਣੇ ਕਿ ਨਹੀਂ, ਮੈਂ ਤੁਹਾਨੂੰ ਰੋਜ਼ ਵਾਲੀਬਾਲ ਖੇਡਦਿਆਂ ਨੂੰ ਵੇਖਦੀ ਸੀ, ਬੜੇ ਹੀ ਪਿਆਰੇ ਲੱਗਦੇ ਸੀ।"

"ਪਰ ਕੀ ਪਤਾ ਸੀ ਇਕ ਦਿਨ ਤੁਹਾਨੂੰ ਆਹ ਖੇਡਾਂ ਵੀ ਖੇਡਣੀਆਂ ਪੈ ਜਾਣੀਆਂ ਨੇ।" ਉਸ ਨੇ ਲੰਮਾ ਹਉਕਾ ਭਰਿਆ ਅਤੇ ਜਥੇਦਾਰ ਦਾ ਸਿਰ ਪਲੋਸ ਕੇ ਪਿਆਰ ਦਿੰਦੀ ਮਨ ਭਰ ਆਈ।

ਉਸ ਦੇ ਪੁੱਤਰ ਨੇ ਮਾਤਾ ਨੂੰ ਕਲਾਵੇ ਵਿਚ ਲਿਆ ਅਤੇ ਇਹ ਕਹਿੰਦਾ ਨਾਲ ਲੈ ਗਿਆ ਕਿ, "ਚੱਲ ਬੀਜੀ!... ਦੋਵੇਂ ਟੋਕਰੀਆਂ ਖ਼ਾਲੀ ਹੋ ਗਈਆਂ ਨੇ, ਚੱਲ ਕੇ ਹੋਰ ਪਰਸ਼ਾਦੇ ਪਕਾਈਏ।"

ਸਾਰੀ ਰਾਤ ਵੀ ਲਗਾਤਾਰ ਗੋਲੀ ਚੱਲਦੀ ਰਹੀ ਅਤੇ ਵਿਚ-ਵਿਚਾਲੇ ਤੋਪਾਂ ਦੇ ਗੋਲੇ ਵੀ ਚੱਲਦੇ ਸਨ। ਜਦ ਵੀ ਗੋਲਾ ਡਿੱਗਦਾ ਤਾਂ ਬੂਹੇ-ਬਾਰੀਆਂ ਇੰਜ ਖੜਕਦੇ ਸਨ ਜਿਵੇਂ ਕੋਈ ਵੱਡ-ਆਕਾਰੀ ਜਾਨਵਰ ਦਰਵਾਜ਼ਾ ਭੰਨ੍ਹ ਰਿਹਾ ਹੋਵੇ। ਉਪਰਲੀ ਮੰਜ਼ਲ ਦੇ ਕਮਰਿਆਂ ਵਿਚ ਕੋਈ ਵੀ ਹਿੱਲਜੁਲ ਕਰਨ 'ਤੇ ਬਾਰੀਆਂ ਵਿਚੋਂ ਦੀ ਗੋਲੀਆਂ ਆਉਂਦੀਆਂ ਸਨ। ਦੋ ਵਾਰੀ ਸਾਡੇ ਕੰਨਾਂ ਕੋਲੋਂ ਸ਼ੂਕਦੀਆਂ ਗੋਲੀਆਂ ਲੰਘੀਆਂ ਸਨ। ਹਦਾਇਤਾਂ ਮੁਤਾਬਕ ਬੱਚੇ-ਬੀਬੀਆਂ ਅਤੇ ਜੋ ਸਿੰਘ ਮੋਰਚਿਆਂ ਵਿਚ ਨਹੀਂ ਸਨ, ਉਹ ਸਰਾਂ ਦੀ ਸਭ ਤੋਂ ਹੇਠਲੀ ਮੰਜ਼ਲ 'ਤੇ ਆ ਗਏ । ਸ਼੍ਰੋਮਣੀ ਕਮੇਟੀ ਦੇ ਸਾਰੇ ਮੁਲਾਜ਼ਮਾਂ ਦੇ ਸਮੁੰਦਰੀ ਹਾਲ ਵਿਚ ਚਲੇ ਜਾਣ ਕਰਕੇ ਪਹਿਲੀ ਮੰਜ਼ਲ ਪੂਰੀ ਤਰ੍ਹਾਂ ਖ਼ਾਲੀ ਹੋ ਗਈ ਸੀ। ਉਸ ਰਾਤ ਕੋਈ ਨਹੀਂ ਸੀ ਸੁੱਤਾ। ਧਮਾਕਿਆਂ ਦੀ ਕੰਨ ਪਾੜ੍ਹਵੀਂ ਆਵਾਜ਼ ਅਤੇ ਦੁੱਧ ਤੋਂ ਬਿਨਾਂ ਛੋਟੇ-ਛੋਟੇ ਬੱਚੇ ਵਿਲਕ ਰਹੇ ਸਨ।

ਇਕ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਸਟੋਰ ਰੂਮ ਦਾ ਤਾਲਾ ਤੋੜ ਦਿੱਤਾ, ਜਿਸ ਵਿੱਚੋਂ ਵੱਡੀ ਗਿਣਤੀ 'ਚ ਸੁੱਕੀ ਰਸਦ, ਦੇਸੀ ਘਿਓ ਅਤੇ ਸੁੱਕੇ ਦੁੱਧ ਦੇ ਪੀਪੇ ਨਿਕਲੇ ਸਨ। ਪਾਊਡਰ ਵਾਲਾ ਦੁੱਧ ਪਾਣੀ ਵਿਚ ਘੋਲਿਆ ਗਿਆ ਅਤੇ ਗਰਮ ਕਰਕੇ ਬੱਚਿਆਂ ਨੂੰ ਪਿਲਾਇਆ ਤਾਂ ਉਹ ਥੋੜ੍ਹਾ ਟਿਕ ਗਏ। ਪਰ ਬੱਚੇ ਵੀ ਲਗਾਤਾਰ ਸੌਂ ਨਾ ਸਕੇ ਕਿਉਂਕਿ ਜਦ ਵੀ ਧਮਾਕਿਆਂ ਦੀ ਗੜ-ਗੜਾਹਟ ਹੁੰਦੀ ਤਾਂ ਬੱਚੇ ਤ੍ਰਬਕ ਕੇ ਉਠਦੇ।

- Guru Nanak Nivas Serai roof top - Babbar Morcha was located here



Red circle marks location in correlation to the Complex

ਅੰਤਾਂ ਦੀ ਗਰਮੀ ਸੀ ਅਤੇ ਸਾਰਿਆਂ ਨੇ ਇਕ-ਇਕ ਵਾਧੂ ਕੇਸਕੀ ਗਿੱਲੀ ਕਰਕੇ ਬੁੱਕਲਾਂ ਮਾਰੀਆਂ ਹੋਈਆਂ ਸਨ। ਜਿਸ ਦੇ ਦੋ ਫਾਇਦੇ ਸਨ, ਇਕ ਗਰਮੀ ਤੋਂ ਰਾਹਤ, ਦੂਜਾ ਹੰਝੂ ਗੈਸ ਛੱਡੇ ਜਾਣ ਦੀ ਸੂਰਤ ਵਿਚ ਗਿੱਲਾ ਕੱਪੜਾ ਬਚਾਅ ਕਰਦਾ ਹੈ। ਫ਼ੌਜੀ ਤਜਰਬੇ ਵਾਲੇ ਸਿੰਘਾਂ ਨੂੰ ਖ਼ਦਸ਼ਾ ਸੀ ਕਿ ਫ਼ੌਜ ਵਲੋਂ ਹੰਝੂ ਗੈਸ ਦੇ ਗੋਲੇ ਵੀ ਸੁੱਟੇ ਜਾ ਸਕਦੇ ਹਨ।

ਰਾਤ ਗਿਆਰਾਂ ਕੁ ਵਜੇ ਦਾ ਸਮਾਂ ਸੀ ਜਦ ਖ਼ਬਰ ਆਈ ਕਿ ਜਥੇਦਾਰ ਫੱਟੜ ਹੋ ਗਿਆ ਹੈ। ਮਾਸਟਰ ਬਲਵਿੰਦਰ ਸਿੰਘ ਜ਼ਖ਼ਮੀ ਹਾਲਤ ਵਿਚ ਜਥੇਦਾਰ ਨੂੰ ਫੜ ਕੇ ਪੌੜੀਆਂ ਉੱਤਰ ਆਇਆ ਕਿਉਂਕਿ ਛੇ ਫੁੱਟ ਉੱਚੇ ਜਵਾਨ ਅਤੇ ਕੁਇੰਟਲ ਭਾਰੇ ਜਥੇਦਾਰ ਨੂੰ ਚੁੱਕਣਾ ਕਿਹੜਾ ਸੌਖਾ ਕੰਮ ਸੀ। ਇਹ ਦੋਵੇਂ ਜਣੇ ਇਕੋ ਮੋਰਚੇ ਵਿਚ ਸਨ। ਜਥੇਦਾਰ ਸੁਖਦੇਵ ਸਿੰਘ ਬੱਬਰ ਦਾ ਮੋਰਚਾ ਗੁਰੂ ਨਾਨਕ ਨਿਵਾਸ ਦੀਆਂ ਆਖ਼ਰੀ ਪੌੜੀਆਂ ਦੀ ਛੱਤ ਉਪਰ ਬਣੀ ਮਮਟੀ ਉੱਤੇ ਸੀ। ਪਾਣੀ ਦੀ ਚੌਰਸ ਟੈਂਕੀ ਚਾਰ ਪਿੱਲਰਾਂ 'ਤੇ ਖੜ੍ਹੀ ਸੀ । ਟੈਂਕੀ ਅਤੇ ਛੱਤ ਵਿਚ ਤਿੰਨ ਕੁ ਫੁੱਟ ਦਾ ਫ਼ਾਸਲਾ ਸੀ ਜਿਸ ਦੁਆਲੇ ਇੱਟਾਂ ਲਗਾ ਕੇ ਮੋਰਚਾ ਬਣਾਇਆ ਗਿਆ ਸੀ। ਬਾਕੀ ਇਮਾਰਤ ਨਾਲੋਂ ਉੱਚਾ ਹੋਣ ਕਰਕੇ ਇਹ ਬਹੁਤ ਕਾਮਯਾਬ ਮੋਰਚਾ ਸੀ। ਇਸ ਮੋਰਚੇ ਵਿਚੋਂ ਜਥੇਦਾਰ ਨੇ ਫ਼ੌਜ ਨੂੰ ਵਖਤ ਪਾਇਆ ਹੋਇਆ ਸੀ। ਇਸ ਨੂੰ ਨਕਾਰਾ ਕਰਨ ਲਈ ਜਦੋਂ ਫ਼ੌਜ ਨੇ ਐੱਲ.ਐੱਮ.ਜੀ. ਨਾਲ ਭਾਰੀ ਗੋਲੀਬਾਰੀ ਕੀਤੀ ਤਾਂ ਇੱਟਾਂ ਦੀਆਂ ਕੰਕਰਾਂ ਵੱਜਣ ਨਾਲ ਜਥੇਦਾਰ ਦੇ ਗੋਡੇ ਉੱਤੇ ਵੱਡਾ ਜ਼ਖ਼ਮ ਹੋ ਗਿਆ ਸੀ। ਲਹੂ-ਲੁਹਾਨ ਹੋਏ ਗੋਡੇ ਉੱਤੇ ਸਾਫ਼ ਕਰਕੇ ਡਾਕਟਰ, ਜੋ ਜਥੇਬੰਦੀ ਦਾ ਹੀ ਸਿੰਘ ਸੀ, ਨੇ ਮੱਲ੍ਹਮ-ਪੱਟੀ ਕਰ ਦਿੱਤੀ।

ਸੀ ਜਦ ਖ਼ਬਰ ਆਈ ਕਿ
ਜਥੇਦਾਰ ਫੱਟੜ ਹੋ ਗਿਆ ਹੈ।

ਸੰਤਾਂ ਦਾ ਕਹਿਣਾ ਸੀ ਕਿ ਲੜਾਈ ਦਾ ਹੁਣ ਸੰਤੁਲਨ ਨਹੀਂ ਰਹਿ ਗਿਆ। ਇਹ ਜੰਗ ਇੱਥੇ ਖ਼ਤਮ ਨਹੀਂ ਹੋਣੀ।

ਅੱਧੀ ਰਾਤ ਦੇ ਲਗਭਗ, ਭਾਈ ਅਨੋਖ ਸਿੰਘ ਬੱਬਰ ਅਤੇ ਭਾਈ ਮਨਮੋਹਨ ਸਿੰਘ ਫ਼ੌਜੀ ਹਨੇਰੇ ਦੀ ਆੜ ਵਿਚ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗਏ ਕਿਉਂਕਿ ਦਿਨ ਵੇਲੇ ਸੰਤਾਂ ਨੇ ਕਿਹਾ ਸੀ ਕਿ ਉਹ ਸ਼ਾਮ ਤੱਕ ਹੋਰ ਅਸਲੇ ਦਾ ਪ੍ਰਬੰਧ ਕਰਨਗੇ। ਇਸ ਵਾਰ ਭਾਈ ਅਨੋਖ ਸਿੰਘ ਅਤੇ ਫ਼ੌਜੀ ਇਕ ਮਸ਼ੀਨਗੰਨ ਅਤੇ ਦੋ ਪਟੇ ਗੋਲੀਆਂ ਦੇ ਲਿਆਏ। ਉਨ੍ਹਾਂ ਦਾ ਕਹਿਣਾ ਸੀ ਕਿ ਭਿੰਡਰਾਂਵਾਲੇ ਸੰਤਾਂ ਨੇ ਇਸ ਤੋਂ ਵਧੇਰੇ ਹਥਿਆਰ ਦੇਣ ਤੋਂ ਅਸਮਰੱਥਾ ਪ੍ਰਗਟਾਈ ਸੀ ਅਤੇ ਸੰਤਾਂ ਦਾ ਕਹਿਣਾ ਸੀ ਕਿ ਲੜਾਈ ਦਾ ਹੁਣ ਸੰਤੁਲਨ ਨਹੀਂ ਰਹਿ ਗਿਆ। ਇਹ ਜੰਗ ਇੱਥੇ ਖ਼ਤਮ ਨਹੀਂ ਹੋਣੀ। ਸੰਤਾਂ ਨੇ ਆਪਣੇ ਕੁਝ ਸਾਥੀ ਸਿੰਘਾਂ ਨੂੰ ਭਵਿੱਖ ਵਿਚ ਸੰਘਰਸ਼ ਜਾਰੀ ਰੱਖਣ ਲਈ ਬਾਹਰ ਭੇਜਣ ਦਾ ਫ਼ੈਸਲਾ ਵੀ ਕਰ ਲਿਆ ਸੀ, ਬਸ਼ਰਤੇ ਉਹ ਬਾਹਰ ਜਾ ਕੇ ਘਰਾਂ ਵਿਚ ਨਾ ਬੈਠਣ। ਹਥਿਆਰ ਖ਼ਤਮ ਹੋਣ ਦੀ ਹਾਲਤ ਵਿਚ ਨਿਹੱਥੇ ਸ਼ਹੀਦ ਹੋਣ ਨਾਲੋਂ ਬੱਬਰਾਂ ਨੂੰ ਵੀ ਉਨ੍ਹਾਂ ਨੇ ਬਾਹਰ ਜਾ ਕੇ ਇਸ ਜੰਗ ਨੂੰ ਜਾਰੀ ਰੱਖਣ ਅਤੇ ਕੌਮ ਦੀ ਆਜ਼ਾਦੀ ਤੱਕ 'ਸ਼ਹੀਦਾਂ ਦੇ ਲਹੂ ਦੀ ਲੋਅ ਜਗਦੀ' ਰੱਖਣ ਦੀ ਸਾਲਾਹ ਦਿੱਤੀ ਸੀ। ਇਹੀ ਹਦਾਇਤਾਂ ਉਨ੍ਹਾਂ ਆਪਣੇ ਸਾਥੀ ਸਿੰਘਾਂ ਨੂੰ ਵੀ ਦਿੱਤੀਆਂ ਸਨ ਕਿ ਜੋ ਨਿਕਲ ਸਕਦਾ ਹੈ ਨਿਕਲ ਜਾਵੋ।

ਬੱਬਰ ਸਿੰਘਾਂ ਨੇ ਮੀਟਿੰਗ ਕੀਤੀ ਅਤੇ ਆਖ਼ਰੀ ਗੋਲੀ ਤੱਕ ਮੋਰਚਿਆਂ ਵਿਚ ਡਟਣ ਦਾ ਫ਼ੈਸਲਾ ਹੋਇਆ। ਸਿੰਘਾਂ ਨੇ ਵਾਰੀ-ਵਾਰੀ ਮਸ਼ੀਨਗੰਨ ਨੂੰ ਹੱਥਾਂ ਵਿਚ ਫੜ-ਫੜ ਕੇ ਵੇਖਿਆ।

ਭਾਈ ਸੁਲੱਖਣ ਸਿੰਘ ਨੇ ਗੰਨ ਫੜੀ ਅਤੇ ਆਪਣੀ ਆਦਤ ਮੁਤਾਬਕ ਮੁਸਕਰਾ ਕੇ ਗੱਲ ਕਰਦਿਆਂ ਕਿਹਾ, "ਲੈ ਬਈ ਸਿੰਘੋ... ਇਹੋ ਜਿਹੀਆਂ ਪੰਜ-ਸੱਤ ਹੋਰ ਹੁੰਦੀਆਂ ਤੇ ਜਾਂ ਥਾਮਸਨ ਗੰਨਾਂ ਹੀ ਅੰਦਰ ਆ ਜਾਂਦੀਆਂ ਤਾਂ ਜੰਗ ਦਾ ਨਜ਼ਾਰਾ ਹੀ ਹੋਰ ਹੋਣਾ ਸੀ।"

ਪੈਂਤੀ ਦੇ ਕਰੀਬ ਥਾਮਸਨ ਗੰਨਾਂ ਦੀ ਨਵੀਂ ਖੇਪ ਦੋ ਤਰੀਕ ਨੂੰ ਆ ਗਈ ਸੀ ਪਰ ਕਰਫ਼ਿਊ ਲੱਗਾ ਹੋਣ ਕਰਕੇ ਅੰਦਰ ਨਹੀਂ ਸੀ ਲਿਆਂਦੀ ਜਾ ਸਕੀ।

ਮਾਸਟਰ ਬਲਵੰਤ ਸਿੰਘ ਖੋਸਾ

"ਚੱਲ ਬਾਈ ਮਾਸਟਰਾ ਆਜਾ... ਫ਼ੌਜੀਆਂ ਦੀ ਭਾਜੀ ਮੋੜੀਏ।"

- ਜਥੇਦਾਰ ਭਾਈ ਸੁਖਦੇਵ ਸਿੰਘ

ਜਥੇਦਾਰ ਸੁਖਦੇਵ ਸਿੰਘ ਬੱਬਰ ਨੇ ਵੀ ਸੰਤਾਂ ਵਲੋਂ ਆਈ ਮਸ਼ੀਨਗੰਨ ਨੂੰ ਬੜੇ ਗਹੁ ਨਾਲ ਨਿਹਾਰਿਆ ਅਤੇ ਗੋਲੀਆਂ ਦਾ ਪਟਾ ਚਾੜ੍ਹ ਕੇ ਜ਼ਖ਼ਮ ਦੀ ਪ੍ਰਵਾਹ ਕੀਤੇ ਬਿਨਾਂ ਮਾਸਟਰ ਬਲਵਿੰਦਰ ਸਿੰਘ ਨੂੰ ਬੜੇ ਜਲਾਲ ਵਿਚ ਆ ਕੇ ਕਿਹਾ, "ਚੱਲ ਬਾਈ ਮਾਸਟਰਾ ਆਜਾ... ਫ਼ੌਜੀਆਂ ਦੀ ਭਾਜੀ ਮੋੜੀਏ।"

ਇਹ ਕਹਿ ਕੇ ਜਥੇਦਾਰ ਲੰਗੜਾਉਂਦਾ ਹੋਇਆ, ਪਰ ਕਾਹਲੀ ਵਿਚ ਮਾਸਟਰ ਜੀ ਨਾਲ ਪੌੜੀਆਂ ਚੜ੍ਹ ਗਿਆ। ਉਨ੍ਹਾਂ ਮਸ਼ੀਨਗੰਨ ਆਪਣੇ ਮੋਰਚੇ ਵਿਚ ਬੀੜ ਲਈ ਅਤੇ ਜਿਸ ਮੋਰਚੇ ਵਿਚੋਂ ਗੋਲੀਆਂ ਚੱਲਣ ਨਾਲ ਉਹ ਜ਼ਖ਼ਮੀ ਹੋਇਆ ਸੀ, ਉਸ ਮੋਰਚੇ ਵਿਚ ਭੜਥੂ ਪਾ ਦਿੱਤਾ।

ਤੜ-ਤੜ-ਤੜ-ਤੜ ਕਰਦੀਆਂ ਗੋਲੀਆਂ ਦੀ ਆਵਾਜ਼ ਨੇ ਲੈਅ ਜਿਹੀ ਬੰਨ੍ਹ ਦਿੱਤੀ।

ਫ਼ੌਜੀਆਂ ਦੀਆਂ ਚੀਕਾਂ ਵੱਜਦੀਆਂ ਵਾਇਰਲੈੱਸ ਸੈੱਟ ਉੱਤੇ ਸੁਣਦੀਆਂ ਸਨ ਜਦ ਇਕ ਜ਼ਖ਼ਮੀ ਫ਼ੌਜੀ ਵਾਇਰਲੈੱਸ 'ਤੇ ਆਪਣੇ ਅਫ਼ਸਰਾਂ ਅੱਗੇ ਮਦਦ ਦੀ ਦੁਹਾਈ ਪਾ ਰਿਹਾ ਸੀ।

ਉਨ੍ਹਾਂ ਮਸ਼ੀਨਗੰਨ ਆਪਣੇ ਮੋਰਚੇ ਵਿਚ ਬੀੜ ਲਈ ਅਤੇ ਜਿਸ ਮੋਰਚੇ ਵਿਚੋਂ ਗੋਲੀਆਂ ਚੱਲਣ ਨਾਲ ਉਹ ਜ਼ਖ਼ਮੀ ਹੋਇਆ ਸੀ, ਉਸ ਮੋਰਚੇ ਵਿਚ ਭੜਥੂ ਪਾ ਦਿੱਤਾ। ਤੜ-ਤੜ-ਤੜ-ਤੜ ਕਰਦੀਆਂ ਗੋਲੀਆਂ ਦੀ ਆਵਾਜ਼ ਨੇ ਲੈਅ ਜਿਹੀ ਬੰਨ੍ਹ ਦਿੱਤੀ।

- ਭਾਗ ਚਉਥਾ -

... ਤੇ ਉਹ ਮੁੜ ਕਦੇ ਘਰਾਂ ਨੂੰ ਨਹੀਂ ਪਰਤੇ

ਆਪਣੇ ਘਰਾਂ-ਪਰਿਵਾਰਾਂ ਦਾ ਮੋਹ ਤਿਆਗ ਕੇ ਖੁਸ਼ੀ ਨਾਲ ਸਿੱਖ ਸੰਘਰਸ਼ ਵਿਚ ਕੁੱਦੇ ਸਿੰਘਾਂ ਦੀ ਦਲੇਰੀ ਅੱਗੇ ਫ਼ੌਜੀਆਂ ਦੇ ਹੌਂਸਲੇ ਮੱਠੇ ਪੈ ਰਹੇ ਸਨ। ਕੁਝ ਘੰਟਿਆਂ ਵਿਚ ਹੀ ਆਧੁਨਿਕ ਹਥਿਆਰਾਂ ਦੀ ਬਦੌਲਤ ਜਿੱਤ ਹਾਸਲ ਕਰਨ ਲਈ ਪੱਬਾਂ ਭਾਰ ਹੋਈ ਫ਼ੌਜ ਲਈ ਅੱਗੇ ਵਧਣਾ ਮੁਸ਼ਕਿਲ ਹੋ ਰਿਹਾ ਸੀ। ਫ਼ੌਜ ਵਲੋਂ ਚਾਰ ਤਾਰੀਖ਼ ਤੋਂ ਪੰਜ ਜੂਨ ਤੱਕ ਕਦੇ ਥੋੜ੍ਹਾ ਰੁਕ ਕੇ ਅਤੇ ਕਦੇ ਬਰਸਾਤੀ ਗੜਿਆਂ ਦੇ ਛਰਾਟੇ ਵਾਂਗ ਗੋਲੀਆਂ ਦਾ ਮੀਂਹ ਵਰ੍ਹਦਾ ਰਿਹਾ ਅਤੇ ਤੋਪਾਂ ਵੀ ਦਨਦਨਾਉਂਦੀਆਂ ਰਹੀਆਂ। ਪਰ ਸਿੰਘਾਂ ਦੇ ਹੌਂਸਲੇ ਪੂਰੀ ਤਰ੍ਹਾਂ ਬੁਲੰਦ ਸਨ। ਸਿੰਘ ਸੰਕੋਚ ਕੇ ਗੋਲੀ ਚਲਾਉਂਦੇ ਅਤੇ ਫ਼ੌਜੀਆਂ ਦੇ ਇਕੱਲੇ-ਇਕੱਲੇ ਮੋਰਚੇ ਨੂੰ ਮਿੱਥ ਕੇ ਉਡਾਉਂਦੇ।

ਇਹ ਵਿਉਂਤਬੰਦੀ ਨੂੰ ਸਿਰੇ ਚਾੜਨ ਲਈ ਸੀ.ਆਰ.ਪੀ.ਐੱਫ. ਤੋਂ ਖੋਹੀ ਵਾਇਰਲੈੱਸ ਤੋਂ ਮਿਲਦੀ ਜਾਣਕਾਰੀ ਬੜੀ ਕਾਰਗਰ ਸਾਬਤ ਹੋ ਰਹੀ ਸੀ।

ਫ਼ੌਜ ਮੋਰਚਾ-ਦਰ-ਮੋਰਚਾ ਆਪਣੀ ਨਫ਼ਰੀ ਵਧਾ ਕੇ ਘੇਰਾ ਤੰਗ ਕਰਨਾ ਚਾਹੁੰਦੀ ਸੀ। ਜਿਸ ਮੋਰਚੇ ਵਿਚ ਹੋਰ ਫ਼ੌਜੀਆਂ ਨੂੰ ਪਹੁੰਚਣ ਦੇ ਹੁਕਮ ਹੁੰਦੇ, ਸਿੰਘ ਪਹਿਲਾਂ ਹੀ ਇਕੱਠੇ ਫਾਇਰ ਖੋਲ੍ਹ ਕੇ ਉਸ ਨੂੰ ਨਕਾਰਾ ਕਰ ਦਿੰਦੇ। ਫ਼ੌਜ ਲਈ ਇਹ ਗੱਲ ਗੁੰਝਲਦਾਰ ਬਣੀ ਹੋਈ ਸੀ ਕਿ ਹਰ ਚਾਲ ਦੀ ਸਿੰਘਾਂ ਨੂੰ ਅਗਾਊਂ ਜਾਣਕਾਰੀ ਕਿੱਥੋਂ ਮਿਲ ਰਹੀ ਹੈ। ਇਸ ਕਾਰਜ ਲਈ ਸਿੰਘਾਂ ਦੇ ਪੰਜ ਮੋਰਚੇ ਮਿਲ ਕੇ ਹਮਲਾ ਕਰ ਰਹੇ ਸਨ। ਜਿਨ੍ਹਾਂ ਦੀ ਮਾਰ ਬਾਗ਼ ਵਾਲੀ ਗਲੀ ਵੱਲ ਅਤੇ ਬਾਬਾ ਸਾਹਿਬ ਚੌਂਕ ਵੱਲ ਸੀ।

ਇਨ੍ਹਾਂ ਵਿਚ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਦੇ ਮੋਰਚੇ ਵਿਚ ਭਾਈ ਮਨਮੋਹਨ ਸਿੰਘ ਫ਼ੌਜੀ ਅਤੇ ਭਾਈ ਹੀਰਾ ਸਿੰਘ ਸਨ। ਗੁਰੂ ਨਾਨਕ ਨਿਵਾਸ ਦੀਆਂ ਪੌੜੀਆਂ ਦੀ ਛੱਤ ਦੇ ਉਪਰਲੇ ਮੋਰਚੇ ਵਿਚ ਜਥੇਦਾਰ ਸੁਖਦੇਵ ਸਿੰਘ ਅਤੇ ਮਾਸਟਰ ਜੀ ਸਨ। ਜਥੇਦਾਰ ਵਾਲੇ ਕਮਰੇ ਦੀ ਬਾਰੀ ਵਾਲੇ ਮੋਰਚੇ ਵਿਚੋਂ ਭਾਈ ਕਾਹਨ ਸਿੰਘ, ਛੋਟਾ ਸਵਰਨ ਸਿੰਘ ਅਤੇ ਭਾਈ ਪਾਹੜਾ ਡਟੇ ਹੋਏ ਸਨ। ਗੁਰੂ ਨਾਨਕ ਨਿਵਾਸ ਦੀ ਛੱਤ ਉੱਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਾਲੀ ਨੁੱਕਰ ਵਿਚ ਬਣੇ ਮੋਰਚੇ ਤੋਂ ਭਾਈ ਅਨੋਖ ਸਿੰਘ, ਭਾਈ ਸੁਲੱਖਣ ਸਿੰਘ ਅਤੇ 'ਬੱਬਰ' ਰਣਜੀਤ ਸਿੰਘ ਤਰਸਿੱਕਾ ਸਨ। ਪਾਣੀ ਵਾਲੀ ਟੈਂਕੀ ਦੇ ਉਪਰਲੇ ਮੋਰਚੇ ਵਿਚ ਭਾਈ ਨਾਨਕਸਰੀਆ ਅਤੇ ਬ੍ਰਹਮ ਗਿਆਨੀ ਸਨ। ਬਾਕੀ ਸਿੰਘ ਦੂਜੀਆਂ ਦਿਸ਼ਾਵਾਂ ਵਾਲੇ ਮੋਰਚਿਆਂ ਵਿਚ ਸਨ।ਇੱਥੇ ਇਹ ਜ਼ਿਕਰਯੋਗ ਹੈ ਕਿ 'ਬੱਬਰ ਖ਼ਾਲਸਾ' ਜਥੇਬੰਦੀ ਵਿਚ ਸਿਰਫ਼ ਅਖੰਡ ਕੀਰਤਨੀ ਜਥੇ ਦੇ ਹੀ ਸਿੰਘ ਨਹੀਂ ਸਨ ਸਗੋਂ ਨਾਨਕਸਰ ਸੰਪਰਦਾ, ਸ਼੍ਰੋਮਣੀ ਕਮੇਟੀ ਅਤੇ ਦਮਦਮੀ ਟਕਸਾਲ ਨਾਲ ਸਬੰਧਤ ਸਿੰਘ ਵੀ ਇਸ ਜਥੇਬੰਦੀ ਵਿਚ ਸੇਵਾ ਕਰਦੇ ਸਨ।

ਬੱਬਰ ਸਿੰਘਾਂ ਵਾਲੇ ਪਾਸੇ ਦੀ ਮੋਰਚਾਬੰਦੀ ਬੱਬਰਾਂ ਵਿਚ ਸ਼ਾਮਲ ਸਾਬਕਾ ਫ਼ੌਜੀ ਸਿੰਘਾਂ ਨੇ ਕੀਤੀ ਹੋਈ ਸੀ, ਜਿਨ੍ਹਾਂ ਵਿਚ ਭਾਈ ਸਵਰਨ ਸਿੰਘ ਘੋੜੇਵਾਹ, ਵੱਡਾ ਫ਼ੌਜੀ ਭਾਈ ਪਰਮਜੀਤ ਸਿੰਘ, ਲੰਮਾ ਫ਼ੌਜੀ ਭਾਈ ਮਨਮੋਹਨ ਸਿੰਘ ਅਤੇ ਪਿਤਾ ਜੀ (ਭਾਈ ਮਹਿਲ ਸਿੰਘ) ਸ਼ਾਮਲ ਸਨ। ਸੰਨ ੧੯੮੦ ਤੋਂ ਲੈ ਕੇ ੧੯੮੪ ਤੱਕ ਅਨੇਕਾਂ ਕਾਰਵਾਈਆਂ ਅਤੇ ਮੁਕਾਬਲੇ ਕਰਨ ਕਰਕੇ ਨਿਸ਼ਾਨੇ ਫੁੰਡਣ ਦੇ ਮਾਹਰ ਹੋ ਚੁੱਕੇ ਸਾਰੇ ਬੱਬਰ ਸਿੰਘਾਂ ਦਾ ਤਜ਼ਰਬਾ ਵੀ ਕੰਮ ਆ ਰਿਹਾ ਸੀ। ਫ਼ੌਜ ਕੋਲ ਬੇਸ਼ੱਕ ਸਮੇਂ ਦੇ ਨਵੀਨ ਅਤੇ ਵੱਡੇ ਹਥਿਆਰ ਸਨ ਅਤੇ ਬੱਬਰ ਸਿੰਘਾਂ ਕੋਲ ੩-੪ ਐੱਸ.ਐੱਲ.ਆਰ. ਅਤੇ ਇਕ ਮਸ਼ੀਨਗੰਨ ਹੀ ਸੀ।

ਬਾਕੀ ਹਥਿਆਰ ਦੂਰ ਦੀ ਮਾਰ ਵਾਲੇ ਨਹੀਂ ਸਨ ਅਤੇ ਗੋਲੀ-ਸਿੱਕਾ ਵੀ ਬਹੁਤ ਘੱਟ ਸੀ। ਫਿਰ ਵੀ ਸਿੰਘਾਂ ਦਾ ਇਕ-ਇਕ ਫਾਇਰ ਵੀ ਐਸਾ ਟਿਕਾਣੇ 'ਤੇ ਵੱਜਦਾ ਕਿ ਦੂਜੇ ਦੀ ਲੋੜ ਹੀ ਨਾ ਪੈਂਦੀ ਅਤੇ ਫ਼ੌਜੀ ਪਹਿਲਾਂ ਹੀ ਲੋਟਣੀ ਖਾ ਜਾਂਦੇ।

ਫ਼ੌਜ ਦੀ ਗੋਲੀਬਾਰੀ ਨਾਲ ਕਾਫ਼ੀ ਸੰਗਤਾਂ ਜ਼ਖ਼ਮੀ ਹੋ ਰਹੀਆਂ ਸਨ। ਜਿਨ੍ਹਾਂ ਦਾ ਲੋੜੀਂਦਾ ਇਲਾਜ ਵੀ ਸਿੰਘ ਕਰ ਰਹੇ ਸਨ। ਇਸ ਦੌਰਾਨ ਦਮਦਮੀ ਟਕਸਾਲ ਨਾਲ ਸਬੰਧਤ ਅਤੇ ਬੱਬਰ ਖ਼ਾਲਸਾ ਜਥੇਬੰਦੀ ਵਿਚ ਸੇਵਾ ਕਰ ਰਹੇ ਭਾਈ ਸੁਖਦੇਵ ਸਿੰਘ ਫੱਤੂਢੀਂਗਾ ਦੀ ਸੱਸ, ਮਾਤਾ ਜੀ ਦੇ ਮੋਢੇ ਵਿਚ ਗੋਲੀ ਵੱਜ ਗਈ। ਇਹ ਮਾਤਾ, ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਪੋਤ-ਨੂੰਹ ਸੀ। ਜ਼ਖ਼ਮੀਆਂ ਦੀ ਦੇਖ-ਭਾਲ ਕਰ ਰਹੇ ਸਿੰਘਾਂ ਨੇ ਇਲਾਜ ਲਈ ਦਵਾਈਆਂ ਦੀ ਘਾਟ ਮਹਿਸੂਸ ਕੀਤੀ। ਇਸ ਲਈ ਜਥੇਦਾਰ ਸਾਹਿਬ ਨੇ ਛੋਟੇ ਸਵਰਨ ਸਿੰਘ ਨੂੰ ਦਵਾਈਆਂ ਦਾ ਪ੍ਰਬੰਧ ਕਰਨ ਲਈ ਕਿਹਾ। ਭਾਈ ਕਾਹਨ ਸਿੰਘ ਅੰਮ੍ਰਿਤਸਰ ਸਾਹਿਬ ਦੇ ਹੀ ਵਸਨੀਕ ਸਨ ਅਤੇ ਉਨ੍ਹਾਂ ਦੇ ਪਰਿਵਾਰ ਦੀ ਕੱਪੜੇ ਦੀ ਦੁਕਾਨ ਸੀ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਬਾਜ਼ਾਰ ਵਿਚ ਇਕ ਫਾਰਮੇਸੀ ਦੀ ਦੁਕਾਨ ਹੈ ਜਿਸ ਦੁਕਾਨ ਵਾਲੇ ਨੂੰ ਉਹ ਜਾਣਦੇ ਹਨ, ਉਸ ਦੁਕਾਨ ਵਿਚੋਂ ਲੋੜੀਂਦੀਆਂ ਦਵਾਈਆਂ ਲਿਆਂਦੀਆਂ ਜਾਣ ਅਤੇ ਬਾਅਦ ਵਿਚ ਉਸ ਦਾ ਖ਼ਰਚਾ ਦੇ ਦੇਵਾਂਗੇ।

ਭਾਈ ਸਵਰਨ ਸਿੰਘ ਨੂੰ ਕਿਹਾ ਗਿਆ ਕਿ ਉਹ ਇਕ ਸਿੰਘ ਨੂੰ ਨਾਲ ਲੈ ਜਾਵੇ। ਉਸ ਦੀ ਭਾਈ ਤਰਸਿੱਕੇ ਨਾਲ ਬਹੁਤ ਗੂੜ੍ਹੀ ਯਾਰੀ ਸੀ, ਇਸ ਲਈ ਉਹ ਉਸ ਨੂੰ ਆਪਣੇ ਨਾਲ ਲੈ ਗਿਆ। ਦੋਵੇਂ ਗੋਲੀਆਂ ਤੋਂ ਬਚਦੇ-ਬਚਾਉਂਦੇ ਫਾਰਮੇਸੀ ਕੋਲ ਪਹੁੰਚ ਗਏ। ਉਨ੍ਹਾਂ ਨੇ ਫਾਰਮੇਸੀ ਦਾ ਜਿੰਦਰਾ ਭੰਨ੍ਹਿਆ ਅਤੇ ਅੰਦਰ ਜਾ ਵੜੇ ਪਰ ਪ੍ਰੇਸ਼ਾਨੀ ਇਹ ਆਈ ਕਿ ਦਵਾਈਆਂ ਦਾ ਮਾਮਲਾ ਸੀ ਅਤੇ ਦੋਵਾਂ ਦਾ ਪੜ੍ਹਾਈ ਪੱਖੋਂ ਹੱਥ ਬਿਲਕੁਲ ਤੰਗ ਸੀ। ਭਾਈ ਸਵਰਨ ਸਿੰਘ ਨਿੱਕੀ ਉਮਰੇ ਹੀ ਜਦ ੧੪-੧੫ ਸਾਲ ਦਾ ਸੀ, ਤਾਂ ਜਥੇਬੰਦੀ ਵਿਚ ਸੇਵਾ ਲਈ ਆ ਗਿਆ। ਜਥੇਦਾਰ ਨੇ ਉਸ ਦੀ ਮਾਤਾ ਜੀ ਨੂੰ ਸੱਦ ਕੇ ਕਿਹਾ ਸੀ ਕਿ ਇਸ ਨੂੰ ਹੋਰ ਪੜ੍ਹਾਓ ਪਰ ਉਸ ਨੇ ਘਰ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

ਭਾਈ ਤਰਸਿੱਕਾ ਬਿਲਕੁਲ ਅਨਪੜ੍ਹ ਸੀ ਅਤੇ ਬਹੁਤ ਗਰੀਬ ਪਰਿਵਾਰ ਵਿਚੋਂ ਸੀ। ਉਹ ਜਥੇਬੰਦੀ ਵਿਚ ਆਉਣ ਤੋਂ ਪਹਿਲਾਂ ਪਿੰਡ ਦੇ ਲੰਬੜਦਾਰਾਂ ਦਾ ਸੀਰੀ ਸੀ ਅਤੇ ਫਿਰ ਮਿਸਤਰੀ ਨਾਲ ਅੰਮ੍ਰਿਤਸਰ ਸਾਹਿਬ ਸ਼ਹਿਰ ਵਿਚ ਦਿਹਾੜੀਆਂ ਲਾਉਂਦਾ ਰਿਹਾ ਸੀ। ਜਿਸ ਕਰਕੇ ਹਰ ਰੋਜ਼ ਘਰ ਜਾਣ ਦੀ ਬਜਾਏ ਉਹ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਹੀ ਸੌਂ ਜਾਂਦਾ। ਬੱਬਰ ਸਿੰਘਾਂ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਉਹ ਬੱਬਰ ਖ਼ਾਲਸਾ ਜਥੇਬੰਦੀ ਵਿਚ ਸ਼ਾਮਲ ਹੋ ਗਿਆ ਸੀ।

ਜਦ ਘੰਟੇ ਕੁ ਬਾਅਦ ਦੋਵੇਂ ਜਣੇ ਦਵਾਈਆਂ ਲੈ ਕੇ ਵਾਪਸ ਆਏ ਤਾਂ ਉਸ ਵੇਲੇ ਦਾ ਦ੍ਰਿਸ਼ ਵੇਖ ਕੇ ਤਣਾਅਪੂਰਨ ਮਾਹੌਲ ਦੇ ਬਾਵਜੂਦ ਹਾਸਾ ਛਿੜ ਪਿਆ। ਅੱਗੇ-ਅੱਗੇ ਸਵਰਨ ਸਿੰਘ ਪੰਡ ਚੁੱਕੀ ਆ ਰਿਹਾ ਸੀ, ਮਾਨੋ ਪੱਠੇ ਵੱਢ ਕੇ ਲਿਆਇਆ ਹੋਵੇ ਅਤੇ ਪਿੱਛੇ-ਪਿੱਛੇ ਭਾਈ ਤਰਸਿੱਕੇ ਨੇ ਸਿਰ 'ਤੇ ਫਰਿੱਜ ਚੁੱਕੀ ਹੋਈ ਸੀ। ਪੁੱਛਣ 'ਤੇ ਭਾਈ ਤਰਸਿੱਕੇ ਨੇ ਸਾਰੀ ਵਾਰਤਾ ਬੜੇ ਮਜ਼ੇ ਲੈ-ਲੈ ਕੇ ਸੁਣਾਈ। ਉਸ ਨੇ ਦੱਸਿਆ ਕਿ, "ਜਦੋਂ ਅਸੀਂ ਜਿੰਦਰਾ ਭੰਨ੍ਹ ਕੇ ਅੰਦਰ ਵੜੇ ਨਾ... ਸਾਨੂੰ ਤੇ ਸਮਝ ਨਾ ਆਵੇ ਕਿ ਕਿਹੜੀ ਦਵਾਈ ਖੜੀਏ ਤੇ ਕਿਹੜੀ ਛੱਡੀਏ। ਹਾਰ ਕੇ ਮੈਂ ਆਖਿਆ, ਸਵਰਨ ...ਹਈਤਰਾਂ ਗੱਲ ਨੀ ਬਣਨੀ... ਇਹ ਸਾਰੀਆਂ ਈ ਖੜਨੀਆਂ ਪੈਣੀਆਂ। ਅਸੀਂ ਫਾਰਮੇਸੀ ਵਿਚ ਵਿਛੀ ਚਾਦਰ ਉੱਤੇ ਸਾਰੀਆਂ ਦਵਾਈਆਂ ਦਾ ਢੇਰ ਲਾ ਦਿੱਤਾ ਅਤੇ ਪੰਡ ਬੰਨ੍ਹ ਕੇ ਮੈਂ ਸਵਰਨ ਨੂੰ ਚੁਕਾ ਦਿੱਤੀ। ਜਦੋਂ ਅਸੀਂ ਤੁਰਨ ਲੱਗੇ ਤਾਂ ਮੇਰੀ ਨਜ਼ਰ ਫਰਿੱਜ ਉੱਤੇ ਪੈ ਗਈ। ਮੈਂ ਸਵਰਨ ਨੂੰ ਪੁੱਛਿਆ ਕਿ ਇਸ ਦੇ ਵਿਚ ਕੀ ਹੁੰਦਾ ਆ ਤਾਂ ਇਹਨੇ ਦੱਸਿਆ ਕਿ... ਭਾਊ... ਇਸ ਵਿਚ ਵੀ ਦਵਾਈਆਂ ਹੀ ਹੁੰਦੀਆਂ ਨੇ। ਮੈਂ ਸੋਚਿਆ ਕਿ ਸਭ ਤੋਂ ਜ਼ਰੂਰੀ ਦਵਾਈਆਂ ਤੇ ਫਰਿੱਜ ਵਿਚ ਹੋਣਗੀਆਂ, ਜੋ ਠੰਢੀਆਂ ਰੱਖੀਆਂ ਹਨ।... ਸੋ ਇਹ ਵੀ ਲਿਜਾਣੀਆਂ ਚਾਹੀਦੀਆਂ ਨੇ। ਫਿਰ ਕੀ ਸੀ... ਮੈਂ ਕੰਧ ਨਾਲ ਲਾ- ਲਾ ਕੇ ਇਕੱਲੇ ਨੇ ਹੀ ਫਰਿੱਜ ਸਿਰ 'ਤੇ ਚੁੱਕ ਲਈ ਤੇ ਅਸੀਂ ਦੁੜੰਗੇ ਲਾਉਂਦੇ ਆ ਗਏ।"

ਬੇਸ਼ੱਕ ਮਾਹੌਲ ਇਸ ਦੇ ਅਨੁਕੂਲ ਨਹੀਂ ਸੀ ਫਿਰ ਵੀ ਭਾਈ ਤਰਸਿੱਕੇ ਨੇ ਇਹ ਵਾਰਤਾ ਐਸੇ ਦਿਲਚਸਪ ਢੰਗ ਨਾਲ ਸੁਣਾਈ ਕਿ ਕੋਈ ਵੀ ਹੱਸਣੋਂ ਨਾ ਰਹਿ ਸਕਿਆ।

ਹੁਣ ਮੁਸ਼ਕਿਲ ਇਹ ਆਈ ਕਿ ਪੰਡ ਵਿਚੋਂ ਦਵਾਈਆਂ ਲੱਭੀਆਂ ਕਿਵੇਂ ਜਾਣ? ਗੁਰੂ ਨਾਨਕ ਨਿਵਾਸ ਦੀ ਸਭ ਤੋਂ ਹੇਠਲੀ ਮੰਜ਼ਿਲ 'ਤੇ ਹੀ ਸ਼੍ਰੋਮਣੀ ਕਮੇਟੀ ਦਾ ਮੀਟਿੰਗ ਕਰਨ ਵਾਲਾ ਬਹੁਤ ਵੱਡਾ ਹਾਲ ਸੀ, ਜਿਸ ਵਿਚਕਾਰ ਕਰੀਬ ਪੰਝੀ-ਤੀਹ ਫੁੱਟ ਦਾ ਮੇਜ਼ ਸੀ। ਉਸ ਉੱਤੇ ਪੰਡ ਖੋਲ੍ਹੀ ਗਈ ਅਤੇ ਬੱਚੇ, ਬੀਬੀਆਂ ਨੇ ਦਵਾਈਆਂ ਦੇ ਨਾਂਅ ਪੜ੍ਹ ਕੇ ਅੱਖਰਾਂ ਦੇ ਹਿਸਾਬ ਨਾਲ ਸਾਰੀਆਂ ਦਵਾਈਆਂ ਵੱਖ-ਵੱਖ ਕਰ ਦਿੱਤੀਆਂ ਤਾਂ ਜੋ ਵਰਤੋਂ ਵਿਚ ਆ ਸਕਣ। ਭਾਈ ਫੱਤੂਢੀਂਗੇ ਦੀ ਸੱਸ, ਮਾਤਾ ਦਾ ਇਲਾਜ ਕੀਤਾ ਗਿਆ। ਫਾਰਮੇਸੀ ਵਿਚੋਂ ਆਈ ਪੰਡ ਖੋਲ੍ਹਣ 'ਤੇ ਰੰਗ-ਬਿਰੰਗੇ ਦੰਦਾਂ ਵਾਲੇ ਬੁਰਸ਼ ਅਤੇ ਪੇਸਟਾਂ ਵੀ ਨਿਕਲੀਆਂ, ਜਿਸ ਤੋਂ ਨਿਆਣਿਆਂ ਦੀ ਲੜਾਈ ਹੋਈ ਕਿ ਕਿਸਨੇ ਕਿਹੜਾ ਰੰਗ ਲੈਣਾ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਪਿਛਲੇ ਦਿਨ ਪਿਤਾ ਜੀ (ਭਾਈ ਮਹਿਲ ਸਿੰਘ) ਨੂੰ ਕਿਹਾ ਸੀ ਕਿ ਜੇਕਰ ਹੋ ਸਕੇ ਤਾਂ ਕੱਲ੍ਹ ਫਿਰ ਆਇਓ, ਮੈਂ ਟਰਾਂਸਮੀਟਰ ਦੇ ਕੋਡ ਦਾ ਪਤਾ ਕਰਨ ਦੀ ਕੋਸ਼ਿਸ਼ ਕਰਾਂਗਾ। ਇਸ ਲਈ ਪਿਤਾ ਜੀ ਨੇ ੫ ਤਾਰੀਖ਼ ਦੀ ਦੁਪਹਿਰ ਨੂੰ ਇਕ ਵਾਰ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਜੋ ਉਹ ਟਰਾਂਸਮੀਟਰ ਚਲਾ ਸਕਣ। ਉਹ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਦੇ ਅੱਗੋਂ ਦੀ ਹੁੰਦੇ ਹੋਏ ਜਦ ਪਰਕਰਮਾ ਵਿਚ ਦਾਖ਼ਲ ਹੋਏ ਤਾਂ ਬਹੁਤ ਤੇਜ਼ ਗੋਲੀਬਾਰੀ ਹੋਣ ਲੱਗੀ। ਉਨ੍ਹਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਪੂਰਨ ਸਿੰਘ ਨੇ ਉਥੇ ਹੀ ਰੋਕ ਲਿਆ ਅਤੇ ਆਪਣੇ ਕੋਲ ਬਿਠਾ ਲਿਆ। ਭਾਈ ਪੂਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਡਿਊਟੀ ਲਈ ਜਾਣਾ ਹੈ ਪਰ ਗੋਲੀ ਜ਼ਿਆਦਾ ਚਲਦੀ ਹੋਣ ਕਰਕੇ ਅੱਗੇ ਨਹੀਂ ਜਾ ਸਕੇ। ਕੁਝ ਸਮੇਂ ਬਾਅਦ ਭਾਈ ਮੋਹਰ ਸਿੰਘ ਵੀ ਆ ਗਏ। ਉਨ੍ਹਾਂ ਤੋਂ ਪਤਾ ਲੱਗਾ ਕਿ ਟਰਾਂਸਮੀਟਰ ਦਾ ਕੋਡ ਨਹੀਂ ਮਿਲਿਆ। ਗੋਲੀਬਾਰੀ ਬਹੁਤ ਤੇਜ਼ ਹੋਣ ਕਰਕੇ ਉਨ੍ਹਾਂ ਨੇ ਪਿਤਾ ਜੀ (ਭਾਈ ਮਹਿਲ ਸਿੰਘ) ਨੂੰ ਅੱਗੇ ਨਾ ਜਾਣ ਦਿੱਤਾ ਅਤੇ ਵਾਪਸ ਸਰਾਂ ਵਿਚ ਜਾਣ ਦੀ ਸਲਾਹ ਦਿੱਤੀ।



ਜਦ ਪਿਤਾ ਜੀ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਨੇ ਵੇਖਿਆ ਕਿ ਪਾਣੀ ਵਾਲੀ ਟੈਂਕੀ, ਜਿਸ ਉੱਪਰ ਬੱਬਰ ਸਿੰਘਾਂ; ਭਾਈ ਨਾਨਕਸਰੀਏ ਅਤੇ ਬ੍ਰਹਮ ਗਿਆਨੀ ਦਾ ਮੋਰਚਾ ਸੀ, ਵਿਚ ਤੋਪ ਦਾ ਗੋਲਾ ਵੱਜਿਆ, ਜਿਸ ਨਾਲ ਸੀਮਿੰਟ ਦੀਆਂ ਕੰਕਰਾਂ ਹਵਾ ਵਿਚ ਉੱਡੀਆਂ।

ਜਦ ਪਿਤਾ ਜੀ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਨੇ ਵੇਖਿਆ ਕਿ ਪਾਣੀ ਵਾਲੀ ਟੈਂਕੀ, ਜਿਸ ਉੱਪਰ ਬੱਬਰ ਸਿੰਘਾਂ; ਭਾਈ ਨਾਨਕਸਰੀਏ ਅਤੇ ਬ੍ਰਹਮ ਗਿਆਨੀ ਦਾ ਮੋਰਚਾ ਸੀ, ਵਿਚ ਤੋਪ ਦਾ ਗੋਲਾ ਵੱਜਿਆ, ਜਿਸ ਨਾਲ ਸੀਮਿੰਟ ਦੀਆਂ ਕੰਕਰਾਂ ਹਵਾ ਵਿਚ ਉੱਡੀਆਂ। ਫ਼ੌਜ ਵਲੋਂ ਦੂਜਾ ਗੋਲਾ ਉਸੇ ਥਾਂ ਉੱਤੇ ਮਾਰਨ ਕਰਕੇ ਟੈਂਕੀ ਵਿਚ ਬਹੁਤ ਵੱਡਾ ਮਘੋਰਾ ਹੋ ਗਿਆ ਅਤੇ ਪਾਣੀ ਦੀ ਬਹੁਤ ਵੱਡੀ ਧਾਰ ਨਿਕਲੀ ਜਿਸ ਨਾਲ ਗੁਰੂ ਰਾਮਦਾਸ ਸਰਾਂ ਵਿਚ ਪਾਣੀ ਨਾਲ ਜਲ-ਥਲ ਹੋ ਗਈ। ਟੈਂਕੀ ਉੱਪਰ ਪਹਿਲਾਂ ਹੋਏ ਜ਼ੋਰਦਾਰ ਧਮਾਕੇ ਤੋਂ ਬਾਅਦ ਹੇਠਾਂ ਆ ਰਿਹਾ ਭਾਈ ਨਾਨਕਸਰੀਆ ਦੂਜਾ ਧਮਾਕਾ ਹੋਣ 'ਤੇ ਰਿੜ੍ਹਦਾ ਹੋਇਆ ਪੌੜੀਆਂ ਵਿਚੋਂ ਹੇਠਾਂ ਡਿੱਗਿਆ। ਕਾਫ਼ੀ ਸੱਟਾਂ ਲੱਗਣ ਦੇ ਬਾਵਜੂਦ ਉਹ ਬਚ ਤਾਂ ਗਿਆ ਪਰ ਹੇਠਾਂ ਬੱਚਿਆਂ, ਬੀਬੀਆਂ ਦੀਆਂ ਖਿੱਲਰੀਆਂ ਲਾਸ਼ਾਂ ਦਾ ਦਰਦਨਾਕ ਮੰਜ਼ਰ ਵੇਖ ਕੇ ਉਸ ਦੇ ਦਿਮਾਗ ਨੂੰ ਬਹੁਤ ਭਾਰੀ ਸਦਮਾ ਲੱਗਾ ਅਤੇ ਬਾਅਦ ਵਿਚ ਉਸ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਰਿਹਾ। ਇਸ ਸਰਾਂ ਵਿਚ ਵਧੇਰੇ ਕਰਕੇ ਦਰਸ਼ਨਾਂ ਲਈ ਆਈਆਂ ਸੰਗਤਾਂ ਰੁਕੀਆਂ ਹੋਈਆਂ ਸਨ। ਫ਼ੌਜ ਵਲੋਂ ਅੰਨ੍ਹੇਵਾਹ ਗੋਲੀਆਂ ਚਲਾਉਣ ਕਰਕੇ ਇੱਥੇ ਵੱਡੀ ਗਿਣਤੀ ਵਿਚ ਸੰਗਤਾਂ ਸ਼ਹੀਦ ਹੋਈਆਂ ਸਨ। ਚਾਰੇ ਪਾਸੇ ਕੁਰਲਾਹਟ ਮਚੀ ਹੋਈ ਸੀ ਅਤੇ ਲਾਸ਼ਾਂ ਹੀ ਲਾਸ਼ਾਂ ਖਿੱਲਰੀਆਂ ਪਈਆਂ ਸਨ।

ਉਸ ਵੇਲੇ ਇਕ ਅਲੋਕਾਰੀ ਘਟਨਾ ਵੀ ਵਾਪਰੀ। ਥੋੜ੍ਹੀ ਸਿਆਣੀ ਉਮਰ ਦੇ ਬੱਚਿਆਂ ਦੀ ਜੂਝ ਰਹੇ ਸਿੰਘਾਂ ਦੀ ਸੇਵਾ ਕਰਨ ਦੀ ਡਿਊਟੀ ਲੱਗੀ ਹੋਈ ਸੀ। ਜਦ ਮੈਂ ਸਰਾਂ ਦੀ ਛੱਤ ਉਪਰ ਮੋਰਚੇ ਵਿਚਲੇ ਸਿੰਘਾਂ ਨੂੰ ਭੁੱਜੇ ਛੋਲੇ ਦੇਣ ਲਈ ਗਿਆ ਤਾਂ ਵੇਖਿਆ ਕਿ ਦੂਰ ਇਕ ਚੁਬਾਰੇ ਦੀ ਛੱਤ ਉੱਪਰ ਇਕ ਨਿਹੰਗ ਸਿੰਘ ਕੇਸਰੀ ਬਾਣੇ ਵਿਚ ਤਿਆਰ-ਬਰ-ਤਿਆਰ ਖੜ੍ਹਾ ਸੀ। ਅਚਾਨਕ ਉਸ ਨੇ ਆਪਣੀ ਤਿੰਨ ਫੁੱਟੀ ਕਿਰਪਾਨ ਮਿਆਨੋਂ ਬਾਹਰ ਕੱਢੀ ਅਤੇ ਘੁੰਮਾਉਣ ਲੱਗਾ। ਉਹ ਬਹੁਤ ਤੇਜ਼ ਅਤੇ ਬਹੁਤ ਜੋਸ਼ ਵਿਚ ਛਾਲਾਂ ਮਾਰ-ਮਾਰ ਕੇ ਪੈਂਤੜਾ ਖੇਡ ਰਿਹਾ ਸੀ। ਮੇਰੇ ਵੇਖਦੇ ਹੀ ਵੇਖਦੇ ਗੋਲੀਆਂ ਦੀ ਵਾਛੜ ਆਈ ਅਤੇ ਉਸ ਦਾ ਸਰੀਰ ਵਿੰਨ੍ਹ ਗਈ। ਇਸ ਦੇ ਬਾਵਜੂਦ ਉਹ ਮੁਖ ਉਪਰ ਨੂੰ ਕਰਕੇ ਮਸਤੀ ਵਿਚ ਕਿਰਪਾਨ ਘੁਮਾਉਂਦਾ ਰਿਹਾ ਜਦ ਤੱਕ ਉਸ ਦਾ ਸਰੀਰ ਨਿਢਾਲ ਹੋ ਕੇ ਡਿੱਗ ਨਹੀਂ ਪਿਆ।

ਸ਼ਾਮ ਤੱਕ ਬੇਸ਼ੱਕ ਅਸਲਾ ਬਹੁਤ ਘੱਟ ਰਹਿ ਗਿਆ ਸੀ ਪਰ ਫਿਰ ਵੀ ਸਿੰਘ ਮੋਰਚਿਆਂ ਵਿਚ ਗੁਰੂ ਆਸਰੇ ਡਟੇ ਹੋਏ ਸਨ। ਸਰਾਂ ਦੇ ਪਿਛਲੇ ਪਾਸੇ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਾਲੇ ਬਾਜ਼ਾਰ ਵੱਲ ਨੂੰ ਮਾਰ ਕਰਨ ਵਾਲੇ ਜਥੇਦਾਰ ਸੁਖਦੇਵ ਸਿੰਘ ਬੱਬਰ, ਭਾਈ ਅਨੋਖ ਸਿੰਘ ਬੱਬਰ, ਭਾਈ ਕਾਹਨ ਸਿੰਘ ਬੱਬਰ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਾਲੇ ਮੋਰਚਿਆਂ ਵਿਚ ਤਾਇਨਾਤ ਐੱਸ.ਐੱਲ.ਆਰ. ਨੇ ਫ਼ੌਜ ਨੂੰ ਠੱਲ੍ਹ ਪਾਈ ਹੋਈ ਸੀ। ਇਹ ਮੋਰਚੇ ਫ਼ੌਜ ਲਈ ਪੂਰੀ ਸਿਰਦਰਦੀ ਬਣੇ ਹੋਏ ਸਨ। ਇਨ੍ਹਾਂ ਮੋਰਚਿਆਂ ਨੂੰ ਉਡਾਉਣ ਲਈ ਫ਼ੌਜ ਵਲੋਂ ਟਾਇਰਾਂ 'ਤੇ ਚੱਲਣ ਵਾਲੀ ਛੋਟੀ ਤੋਪ ਬਾਜ਼ਾਰ ਵਿਚ ਦੀ ਲਿਆਂਦੀ ਗਈ ਅਤੇ ਉਸ ਨੂੰ ਇਕ ਘਰ ਦੀ ਛੱਤ ਵਿਚ ਪਾੜ ਪਾ ਕੇ ਚੋਰੀ-ਚੋਰੀ ਉਪਰ ਚੜ੍ਹਾਉਣ ਦੀ ਕੋਸ਼ਿਸ਼ ਕਰਨ ਲੱਗੇ। ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਉੱਪਰੋਂ ਜਦ ਭਾਈ ਮਨਮੋਹਨ ਸਿੰਘ ਫ਼ੌਜੀ ਨੇ ਉਨ੍ਹਾਂ ਨੂੰ ਵੇਖਿਆ ਤਾਂ ਝੱਟ ਵਾਕੀ-ਟਾਕੀ 'ਤੇ ਜਥੇਦਾਰ ਨੂੰ ਦੱਸਿਆ।

"ਜਥੇਦਾਰ ਜੀ! ਜੇਕਰ ਇਹ ਤੋਪ ਇਨ੍ਹਾਂ ਨੇ ਫਿੱਟ ਕਰ ਲਈ ਤਾਂ ਆਪਣਾ ਬਹੁਤ ਨੁਕਸਾਨ ਕਰਨਗੇ।"

ਜਥੇਦਾਰ ਨੇ ਤੁਰੰਤ ਭਾਈ ਫ਼ੌਜੀ ਨੂੰ ਮੋੜਵਾਂ ਜਵਾਬ ਦਿੱਤਾ, "ਫ਼ੌਜੀਆ... ਚਲਾਦੇ ਫਿਰ ਆਪਣੀ ਵੀ 'ਮੇਡ ਇਨ ਖ਼ਾਲਿਸਤਾਨ ਤੋਪ'... ਵੇਖੀ ਜਾਊ ਜੋ ਹੋਊ... ਗੁਰੂ ਭਲੀ ਕਰੇਗਾ।"

ਸਿੰਘਾਂ ਦੀ ਇਹ ਦੇਸੀ ਤੋਪ 'ਬੱਬਰਾਂ ਦੀ ਫੈਕਟਰੀ' ਵਿਚ ਕੁਝ ਦਿਨ ਪਹਿਲਾਂ ਹੀ ਬਣਾਈ ਗਈ ਸੀ, ਜਿਸ ਨੂੰ ਪਰਖਣ ਦਾ ਅਜੇ ਸਮਾਂ ਨਹੀਂ ਸੀ ਲੱਗਾ। ਇਕ ਪ ਕੁ ਇੰਚ ਦੀ ਲੋਹੇ ਦੀ ਮੋਟੀ ਪਾਈਪ ਲੈ ਕੇ ਉਸ ਦੇ ਅੰਦਰ ਇਕ ਸਿਰੇ 'ਤੇ ਲੋਹੇ ਦੇ ਟੁਕੜੇ ਨਾਲ ਵੱਡਾ ਸਪਰਿੰਗ ਫਿੱਟ ਕਰਕੇ ਅੱਧ ਵਿਚ ਇਕ ਘੋੜਾ ਲਾਇਆ ਗਿਆ ਸੀ। ਜਿਸ ਨੂੰ ਦੱਬਣ 'ਤੇ ਸਪਰਿੰਗ ਛੁਟ ਜਾਂਦਾ ਸੀ ਅਤੇ ਇਸ ਵਿਚਲਾ ਗਰਨੇਡ ਰੂਪੀ ਟੋਕੇ ਦੀ ਗਰਾਰੀ ਵਾਲਾ ਦੇਸੀ ਬੰਬ ਬੜੀ ਦੂਰ ਜਾ ਡਿੱਗਦਾ ਸੀ। ਇਹ ਦੇਸੀ ਜੁਗਾੜ ਹੋਣ ਕਰਕੇ ਹੇਠੋਂ ਉਪਰ ਨੂੰ ਬਹੁਤਾ ਦੂਰ ਤੱਕ ਨਹੀਂ ਸੀ ਜਾ ਸਕਦਾ। ਪਰ ਉਚਾਈ ਤੋਂ ਹੇਠਾਂ ਸੁੱਟਣ 'ਤੇ ਬਹੁਤ ਦੂਰ ਤੱਕ ਮਾਰ ਕਰ ਸਕਦਾ ਸੀ। ਇਸੇ ਲਈ ਇਸ ਨੂੰ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਾਲੀ ਇਮਾਰਤ ਦੀ ਸਿਖ਼ਰਲੀ ਮੰਜ਼ਿਲ 'ਤੇ ਰੱਖਿਆ ਗਿਆ ਸੀ ਤਾਂ ਜੋ ਲੋੜ ਪੈਣ 'ਤੇ ਤਜ਼ਰਬਾ ਕੀਤਾ ਜਾ ਸਕੇ।



"ਬੱਬਰ ਸਿੰਘਾਂ ਬਾਬੇ ਅਟੱਲ ਤੋਂ ਰਾਕੇਟ ਛੱਡ ਦਿੱਤਾ, ਸੈਂਕੜਿਆਂ ਦਾ ਫ਼ੌਜੀ ਦਸਤਾ ਪਲ ਵਿਚ ਵੱਢ ਦਿੱਤਾ..."

ਸ਼ਹੀਦ ਭਾਈ ਮਨਮੋਹਨ ਸਿੰਘ 'ਫ਼ੌਜੀ'

ਭਾਈ ਮਨਮੋਹਨ ਸਿੰਘ ਨੇ ਪਿੰਨ ਕੱਢ ਕੇ ਦੇਸੀ ਬੰਬ ਇਸ ਵਿਚ ਪਾਇਆ ਅਤੇ ਤੁਰੰਤ ਫ਼ੌਜੀਆਂ ਵੱਲ ਸੇਧ ਕੇ ਘੋੜਾ ਦੱਬ ਦਿੱਤਾ। ਇਹ ਬਹੁਤ ਖ਼ਤਰਨਾਕ ਤਰੀਕਾ ਸੀ, ਜਿਸ ਵਿਚ ਰਤਾ ਵੀ ਦੇਰੀ ਹੋਣ 'ਤੇ ਚਲਾਉਣ ਵਾਲਾ ਖ਼ੁਦ ਉਡ ਸਕਦਾ ਸੀ।

ਸ਼ਸਤਰਾਂ ਦੇ ਦਾਤੇ, ਦਲ-ਭੰਜਨ ਗੁਰ-ਸੂਰਮੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਐਸੀ ਨਦਰਿ ਹੋਈ ਕਿ ਬੰਬ ਸਿੱਧਾ ਜਾ ਟਿਕਾਣੇ ਵੱਜਾ, ਜਿਸ ਨਾਲ ਫ਼ੌਜੀਆਂ ਦੇ ਲੋਥੜੇ ਹੀ ਉਡਦੇ ਨਜ਼ਰ ਆਏ। ਉਨ੍ਹਾਂ ਦੀ ਤੋਪ ਵੀ ਖਿੱਲਰ-ਪੁੱਲਰ ਗਈ, ਜੋ ਸਿੰਘਾਂ ਦੇ ਮੋਰਚੇ ਉਡਾਉਣ ਲਈ ਛੱਤ 'ਤੇ ਚੜ੍ਹਾਈ ਜਾ ਰਹੀ ਸੀ।

ਸਿੰਘਾਂ ਦੇ ਸਾਰੇ ਮੋਰਚਿਆਂ ਵਿਚੋਂ ਇਕੱਠੇ ਹੀ ਜੈਕਾਰੇ ਗੂੰਜੇ।

"ਬੋਲੇ..... ਸੋ... ਨਿਹਾ.....ਲ"
"ਸਤਿ ਸ੍ਰੀ ਅਕਾ..... ਲ...."

ਜੈਕਾਰੇ ਕਾਫ਼ੀ ਦੇਰ ਅਸਮਾਨ ਵਿਚ ਗੂੰਜਦੇ ਰਹੇ, ਜਿਨ੍ਹਾਂ ਨੇ ਗੋਲੀਬਾਰੀ ਦੀ ਆਵਾਜ਼ ਵੀ ਮੱਠੀ ਪਾ ਦਿੱਤੀ।

ਇਕ ਵਾਰ ਫਿਰ ਵਾਇਰਲੈੱਸ ਸੈੱਟ 'ਤੇ ਫ਼ੌਜੀਆਂ ਦਾ ਚੀਕ-ਚਿਹਾੜਾ ਪੈ ਗਿਆ। ਇਕ ਫ਼ੌਜੀ ਦੀ ਆਵਾਜ਼ ਕੁਝ ਸਮਝ ਆਈ, ਜੋ ਕੰਟਰੋਲ ਰੂਮ ਨੂੰ ਦੱਸ ਰਿਹਾ ਸੀ ਕਿ, "ਅਰੇ..... ਬਹੁਤ ਜਵਾਨ ਮਾਰੇ ਗਏ..... ਔਰ ਬੜੇ ਸਾਬ੍ਹ ਕੇ ਹਾਥ ਭੀ ਉੜ ਗਏ।"

ਬੇਸ਼ੱਕ ਫ਼ੌਜ ਵਲੋਂ ਅੰਨ੍ਹੇਵਾਹ ਬੰਬ ਵਰ੍ਹਾਏ ਜਾ ਰਹੇ ਸਨ ਪਰ ਸਿੰਘਾਂ ਵਲੋਂ ਚਲਾਏ ਗਏ ਇਸ ਅਨੋਖੇ ਬੰਬ ਨੇ ਇਕ ਵਾਰ ਤਾਂ ਫ਼ੌਜੀਆਂ ਦੇ ਹੌਂਸਲੇ ਪਸਤ ਕਰ ਦਿੱਤੇ। ਫ਼ੌਜੀਆਂ ਨੇ ਸੋਚਿਆ ਕਿ ਸਿੰਘਾਂ ਕੋਲ ਵੀ ਖ਼ਤਰਨਾਕ ਹਥਿਆਰ ਹਨ ਜੋ ਉਹ ਚਲਾ ਨਹੀਂ ਰਹੇ। ਵਾਇਰਲੈੱਸ ਸੈੱਟ ਦੀ ਗੱਲਬਾਤ ਤੋਂ ਹੀ ਪਤਾ ਲੱਗਾ ਕਿ ਫ਼ੌਜੀ ਅਫ਼ਸਰ ਇਸ ਦੇਸੀ ਜੁਗਾੜਮੈਂਟ ਨੂੰ 'ਰਾਕੇਟ ਲਾਂਚਰ' ਨਾਲ ਕੀਤਾ ਗਿਆ ਹਮਲਾ ਸਮਝ ਰਹੇ ਸਨ।

ਇਹ ਗੱਲ ਬਾਅਦ ਵਿਚ ਕਾਫ਼ੀ ਪ੍ਰਚਲਤ ਵੀ ਹੋਈ ਕਿ ਬੱਬਰ ਸਿੰਘਾਂ ਕੋਲ 'ਰਾਕੇਟ ਲਾਂਚਰ' ਵੀ ਸਨ, ਪਰ ਇਹ ਅਸਲ ਵਿਚ 'ਬੱਬਰਾਂ ਦੀ ਫੈਕਟਰੀ' ਵਿਚ ਬਣੇ ਦੇਸੀ ਬੰਬ ਅਤੇ ਜੁਗਾੜੂ ਲਾਂਚਰ ਸਨ। ਢਾਡੀ ਬਲਵੰਤ ਸਿੰਘ 'ਪ੍ਰੇਮੀ' ਦਾ ਇਕ ਗੀਤ ਵੀ ਬਹੁਤ ਪ੍ਰਚਲਿਤ ਹੋਇਆ ਸੀ:

"ਬੱਬਰ ਸਿੰਘਾਂ ਬਾਬੇ ਅਟੱਲ ਤੋਂ ਰਾਕੇਟ ਛੱਡ ਦਿੱਤਾ,
ਸੈਂਕੜਿਆਂ ਦਾ ਫ਼ੌਜੀ ਦਸਤਾ ਪਲ ਵਿਚ ਵੱਢ ਦਿੱਤਾ..."

ਭਾਈ ਮਨਮੋਹਨ ਸਿੰਘ ਫ਼ੌਜੀ ਅਤੇ ਜਥੇਦਾਰ ਸੁਖਦੇਵ ਸਿੰਘ

ਨੁਕਸ ਪੈ ਜਾਣ ਕਰਕੇ ਇਸ ਲਾਂਚਰ ਨਾਲ ਦੋ-ਤਿੰਨ ਤੋਂ ਵਧੇਰੇ ਬੰਬ ਨਹੀਂ ਚੱਲ ਸਕੇ ਪਰ ਇਸ ਨਾਲ ਫ਼ੌਜ ਵਿਚ ਅਜਿਹਾ ਸਹਿਮ ਬੈਠਾ ਕਿ ਫਿਰ ਉਨ੍ਹਾਂ ਬੱਬਰ ਸਿੰਘਾਂ ਵਾਲੇ ਪਾਸੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਦੇ ਰਸਤੇ ਰਾਹੀਂ ਅੰਦਰ ਆਉਣ ਦਾ ਹੌਂਸਲਾ ਨਹੀਂ ਕੀਤਾ।

ਸਿੰਘ ਬੜੇ ਸੰਜਮ ਨਾਲ ਅਸਲਾ ਵਰਤਦੇ ਰਹੇ। ਉਹ ਥੋੜ੍ਹੀ-ਥੋੜ੍ਹੀ ਦੇਰ ਤੱਕ ਇਕ-ਅੱਧ ਫਾਇਰ ਕੱਢ ਦਿੰਦੇ ਤਾਂ ਜੋ ਫ਼ੌਜ ਨੂੰ ਸ਼ੱਕ ਨਾ ਹੋਵੇ ਕਿ ਸਿੰਘਾਂ ਦਾ ਅਸਲਾ ਖ਼ਤਮ ਹੋ ਗਿਆ ਹੈ। ਇਸ ਤਰ੍ਹਾਂ ਕਰਦੇ-ਕਰਦੇ ਸ਼ਾਮ ਪੈ ਗਈ। ਸ਼ਾਮ ਢਲਦੇ-ਢਲਦੇ ਹਨੇਰਾ ਹੋ ਗਿਆ। ਬੱਬਰ ਸਿੰਘਾਂ ਦਾ ਗੋਲੀ-ਸਿੱਕਾ ਬਿਲਕੁਲ ਖ਼ਤਮ ਹੋ ਚੁੱਕਾ ਸੀ।

ਆਖ਼ਰੀ ਗੋਲੀ ਤੱਕ ਮੋਰਚਿਆਂ ਵਿਚ ਡੱਟਣ ਦਾ ਸਿੰਘਾਂ ਦਾ 'ਕੌਲ' ਪੂਰਾ ਹੋ ਚੁੱਕਾ ਸੀ। ਇੱਥੋਂ ਤੱਕ ਕਿ ਰਿਵਾਲਵਰ ਵੀ ਖਾਲੀ ਹੋ ਚੁੱਕੇ ਸਨ। ਇਸ ਸੱਚਾਈ ਤੋਂ ਬੇਖ਼ਬਰ ਫ਼ੌਜ ਦਾ ਬੱਬਰ ਸਿੰਘਾਂ ਵਾਲੇ ਪਾਸੇ ਗੁਰੂ ਨਾਨਕ ਨਿਵਾਸ ਨਾਲ ਲੱਗਦੇ ਗੇਟ ਤੋਂ ਅੰਦਰ ਆਉਣ ਦਾ ਹੌਂਸਲਾ ਨਹੀਂ ਸੀ ਪਿਆ। ਦੂਜੇ ਪਾਸੇ ਲੰਗਰ ਦੀ ਇਮਾਰਤ ਅਤੇ ਅਕਾਲ ਰੈਸਟ ਹਾਊਸ ਦੇ ਵਿਚਕਾਰਲੇ ਗੇਟ ਵਿਚ ਫ਼ੌਜੀ ਟੈਂਕ ਆਣ ਖਲੋਤੇ ਸਨ।

ਅਗਲੀ ਰਣਨੀਤੀ ਉਲੀਕਣ ਲਈ ਸਿੰਘਾਂ ਨੇ ਮੀਟਿੰਗ ਸੱਦ ਲਈ। ਮੋਰਚਿਆਂ ਵਿਚੋਂ ਸਾਰੇ ਮੁਖੀ ਸਿੰਘ ਬਾਹਰ ਆ ਗਏ। ਪੰਜ ਸਿੰਘ ਚੁਣ ਕੇ ਉਨ੍ਹਾਂ ਨੂੰ ਅੰਤਮ ਫ਼ੈਸਲਾ ਲੈਣ ਦੇ ਅਧਿਕਾਰ ਦੇ ਦਿੱਤੇ ਗਏ। ਇਨ੍ਹਾਂ ਪੰਜ ਸਿੰਘਾਂ ਵਿਚ ਭਾਈ ਅਨੋਖ ਸਿੰਘ ਬੱਬਰ, ਭਾਈ ਸੁਲੱਖਣ ਸਿੰਘ ਬੱਬਰ, ਭਾਈ ਮਨਮੋਹਨ ਸਿੰਘ ਉਰਫ ਕਾਹਨ ਸਿੰਘ, ਭਾਈ ਫ਼ੌਜੀ ਅਤੇ ਪਿਤਾ ਜੀ (ਭਾਈ ਮਹਿਲ ਸਿੰਘ) ਸ਼ਾਮਲ ਸਨ। ਜੁਝਾਰੂ ਸਿੰਘਾਂ ਦੀਆਂ ਮੀਟਿੰਗਾਂ ਸੰਖੇਪ ਹੁੰਦੀਆਂ ਅਤੇ ਫ਼ੈਸਲੇ ਵੀ ਤੁਰੰਤ ਹੁੰਦੇ ਸਨ।

ਵੀਹ ਕੁ ਮਿੰਟ ਚੱਲੀ ਇਸ ਮੀਟਿੰਗ ਤੋਂ ਬਾਅਦ ਪੰਜ ਸਿੰਘਾਂ ਨੇ ਫ਼ੈਸਲਾ ਸੁਣਾ ਦਿੱਤਾ, "ਹੁਣ ਜੰਗ ਕੇਵਲ ਇਕਪਾਸੜ ਰਹਿ ਗਈ ਹੈ। ਸਿੰਘਾਂ ਦਾ ਗੋਲੀ-ਸਿੱਕਾ ਬਿਲਕੁਲ ਖ਼ਤਮ ਹੋ ਚੁੱਕਾ ਹੈ ਅਤੇ ਟੈਂਕ ਆਉਣ ਦੀ ਸੂਰਤ ਵਿਚ ਸਰਕਾਰ ਦੇ ਖ਼ਤਰਨਾਕ ਮਨਸੂਬਿਆਂ ਉੱਤੇ ਹੁਣ ਕੋਈ ਸ਼ੰਕਾ ਨਹੀਂ ਰਹਿ ਗਿਆ ਕਿ ਉਹ ਸਾਰੇ ਜੁਝਾਰੂ ਸਿੰਘਾਂ ਨੂੰ ਹਰ ਹਾਲਤ ਵਿਚ ਮਾਰ-ਮੁਕਾਉਣਾ ਚਾਹੁੰਦੀ ਹੈ। ਇਸ ਲਈ ਇਨ੍ਹਾਂ ਹਾਲਾਤਾਂ ਵਿਚ ਇਸ ਜੰਗ ਨੂੰ ਫ਼ੌਜੀ ਹਮਲੇ ਤੋਂ ਬਾਅਦ ਵੀ ਜਾਰੀ ਰੱਖਣ ਲਈ ਕੁਝ ਸਿੰਘਾਂ ਦਾ ਬਚ ਕੇ ਨਿਕਲਣਾ ਬਹੁਤ ਜ਼ਰੂਰੀ ਹੋ ਗਿਆ ਹੈ। ਬਾਕੀ ਸਿੰਘ ਬੇਸ਼ੱਕ ਚਾਹੁਣ ਤਾਂ ਇੱਥੇ ਰੁਕ ਸਕਦੇ ਹਨ ਪਰ ਜਥੇਦਾਰ ਸੁਖਦੇਵ ਸਿੰਘ ਬੱਬਰ ਨੂੰ ਹੁਕਮ ਹੈ ਕਿ ਉਹ ਬਾਹਰ ਜਾ ਕੇ ਨੌਜਵਾਨਾਂ ਨੂੰ ਨਵੇਂ ਸਿਰਿਓਂ ਲਾਮਬੰਦ ਕਰਨ ਤਾਂ ਕਿ ਸਾਰੇ ਜੁਝਾਰੂ ਸਿੰਘਾਂ ਦੇ ਇਸ ਹਮਲੇ ਵਿਚ ਸ਼ਹੀਦ ਹੋਣ ਤੋਂ ਬਾਅਦ ਸੰਘਰਸ਼ ਵਿਚ ਖੜੋਤ ਨਾ ਆਵੇ। ਇਸ ਹਮਲੇ ਦੇ ਬਦਲੇ ਵਜੋਂ ਸਰਕਾਰ ਨੂੰ ਮੂੰਹ-ਤੋੜ ਜੁਆਬ ਦਿੱਤਾ ਜਾਵੇ। ਸਿੱਖ ਕੌਮ ਨੂੰ ਖ਼ਤਮ ਕਰਨ ਦੇ ਮਨਸੂਬੇ ਘੜੀ ਬੈਠੀ ਸਮੇਂ ਦੀ ਹਾਕਮ ਇੰਦਰਾ ਅਤੇ ਹਮਲੇ ਲਈ ਜ਼ਿੰਮੇਵਾਰ ਅਫਸਰਾਂ ਨੂੰ ਖ਼ਾਲਸਈ ਰਵਾਇਤਾਂ ਮੁਤਾਬਕ ਬਣਦੀਆਂ ਸਜ਼ਾਵਾਂ ਦਿੱਤੀਆਂ ਜਾਣ।"

ਇਹ ਫ਼ੈਸਲਾ ਜਥੇਦਾਰ ਸੁਖਦੇਵ ਸਿੰਘ ਬੱਬਰ ਦੀ ਮਿਕਨਾਤੀਸੀ ਸ਼ਖ਼ਸੀਅਤ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ ਕਿਉਂਕਿ ਮਿਲਾਪੜੇ ਸੁਭਾਅ ਦੇ ਮਾਲਕ ਜਥੇਦਾਰ ਦੇ ਬੋਲਾਂ ਵਿਚ ਹੀ ਐਸੀ ਖਿੱਚ ਸੀ ਕਿ ਜੋ ਇਕ ਵਾਰ ਮਿਲਦਾ, ਬਸ ਉਸ ਦਾ ਹੀ ਹੋ ਕੇ ਰਹਿ ਜਾਂਦਾ। ਸਿੰਘਾਂ ਨੂੰ ਵਿਸ਼ਵਾਸ ਸੀ ਕਿ ਜਥੇਦਾਰ ਦੁਬਾਰਾ ਦਿਨਾਂ ਵਿਚ ਹੀ ਨੌਜਵਾਨਾਂ ਦੀ ਫ਼ੌਜ ਖੜ੍ਹੀ ਕਰਨ ਦੇ ਸਮਰੱਥ ਹੈ।

ਸਿੰਘਾਂ ਦਾ ਫ਼ੈਸਲਾ ਸੁਣ ਕੇ ਜਥੇਦਾਰ ਜੀ ਕਾਫ਼ੀ ਗੰਭੀਰ ਹੋ ਗਏ ਅਤੇ ਕੁਝ ਦੇਰ ਲਈ ਸੋਚੀਂ ਪੈ ਗਏ। ਦੋ ਕੁ ਮਿੰਟ ਬਾਅਦ ਜਥੇਦਾਰ ਜੀ ਉਠ ਕੇ ਖੜ੍ਹੇ ਹੋ ਗਏ ਅਤੇ ਹੱਥ ਜੋੜ ਕੇ ਪੰਜ ਸਿੰਘਾਂ ਵੱਲ ਸਿਰ ਨਿਵਾ ਦਿੱਤਾ। ਮੁੜ ਸਾਰੇ ਸਿੰਘਾਂ ਨੂੰ ਮੁਖਾਤਿਬ ਹੋ ਕੇ ਬੜੀ ਹਲੀਮੀ ਆਵਾਜ਼ ਵਿਚ ਕਹਿਣ ਲੱਗੇ, "ਸਤਿ ਬਚਨ..... ਪੰਚਾਂ ਦਾ ਹੁਕਮ ਮੇਰੇ ਸਿਰ ਮੱਥੇ ਹੈ..." ਥੋੜ੍ਹਾ ਚਿਰ ਰੁਕ ਕੇ ਫਿਰ ਉਨ੍ਹਾਂ ਦੇ ਬੋਲਾਂ ਵਿਚ ਤੇਜ਼ੀ ਆ ਗਈ,

"... ਐਸਾ ਨਹੀਂ ਕਿ ਇਸ ਸਰਕਾਰੀ ਜ਼ੁਲਮ ਤੋਂ ਡਰ ਕੇ ਪੰਜਾਬ ਦੀਆਂ ਸੀਂਹਣੀਆਂ ਮਾਵਾਂ ਸੂਰਮੇ ਪੁੱਤ ਜੰਮਣੇ ਬੰਦ ਕਰ ਦੇਣਗੀਆਂ। ਜਦ ਤੱਕ ਦੋਸ਼ੀਆਂ ਯੋਗ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ ਅਤੇ ਸਤਿਗੁਰਾਂ ਦੇ ਆਸ਼ੇ ਮੁਤਾਬਕ ਖ਼ਾਲਸੇ ਦਾ ਹਲੇਮੀ ਰਾਜ ਸਥਾਪਤ ਨਹੀਂ ਹੋ ਜਾਂਦਾ, ਉਦੋਂ ਤੱਕ ਗੁਰਧਾਮਾਂ ਦੀ ਹੋਈ ਬੇਅਦਬੀ ਅਤੇ ਸਿੱਖ ਸੰਗਤਾਂ ਉਪਰ ਹੋਏ ਇਸ ਅੱਤਿਆਚਾਰ ਦੀਆਂ ਗਾਥਾਵਾਂ ਸੁਣ ਕੇ ਨੌਜਵਾਨਾਂ ਦਾ ਖ਼ੂਨ ਉਬਾਲੇ ਮਾਰਦਾ ਰਹੇਗਾ...।"

"ਪਰ ਖ਼ਾਲਸਾ ਜੀ... ਨਵੇਂ ਸਿਰਿਓਂ ਜਥੇਬੰਦੀ ਖੜ੍ਹੀ ਕਰਨ ਦਾ ਹੁਣ ਵਕਤ ਨਹੀਂ ਹੈ। ਹੁਣ ਵੇਲਾ ਹੈ ਪੈਂਦੀ ਸੱਟੇ ਪੈਂਤੜਾ ਬਦਲ ਕੇ ਵਾਰ ਕਰਨ ਦਾ। ਇਸ ਤੋਂ ਅੱਗੇ ਫ਼ੈਸਲਾਕੁੰਨ ਜੰਗ ਹੋਵੇਗੀ। ਇਸ ਲਈ ਮੈਂ ਤੁਹਾਡੇ ਸਾਰਿਆਂ ਦੇ ਸਾਥ ਦੀ ਲੋੜ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਸਭ ਮੇਰੇ ਨਾਲ ਚੱਲੋ।"

"ਆਪ ਸਭ ਨੇ ਪੰਜ ਸਿੰਘਾਂ ਦਾ ਫ਼ੈਸਲਾ ਸੁਣ ਲਿਆ ਹੈ... ਜੋ ਗੁਰੂ ਹੁਕਮ ਸਮਝ ਕੇ ਦਾਸ ਵਲੋਂ ਸਤਿ ਕਰ ਮੰਨ ਲਿਆ ਗਿਆ ਹੈ। ... ਹੁਣ ਦਾਸ ਮੁੱਖ ਸੇਵਾਦਾਰ ਹੋਣ ਦੇ ਨਾਤੇ ਸਾਰੀ ਜਥੇਬੰਦੀ ਹੁਕਮ ਕਰਦਾ ਹੈ...

ਅੱਜ ਤੋਂ... ਬਲਕਿ ਇਸ ਪਲ ਤੋਂ ਹੀ ਤੁਸੀਂ ਆਪਣੀ ਸਰੀਰਕ ਮੌਤ ਇਸ ਹਮਲੇ ਵਿਚ ਹੋ ਚੁੱਕੀ ਸਮਝੋ। ਤੁਹਾਡੇ ਜੀਵਨ ਗੁਰੂ ਲੇਖੇ ਲੱਗ ਗਏ ਹਨ।" "ਆਪਣੇ ਸੁਆਸਾਂ ਦੀ ਪੂੰਜੀ ਖ਼ਤਮ ਹੋ ਗਈ ਸਮਝੋ..." "ਨਿੱਜ ਲਈ ਆਪਣੇ ਸਰੀਰ ਹੁਣ ਮਿੱਟੀ ਹਨ...।" "ਅੱਜ ਤੋਂ ਜੋ ਵੀ ਸੁਆਸ ਲਵਾਂਗੇ... ਉਹ ਸੰਘਰਸ਼ ਵਿਚ ਜੂਝਦੇ ਹੋਏ ਲਵਾਂਗੇ।... ਅਤੇ ਆਖ਼ਰੀ ਸੁਆਸ ਤੱਕ ਸੰਘਰਸ਼ ਵਿਚ ਸੇਵਾ ਕਰਦੇ ਹੋਏ ਸ਼ਹੀਦੀਆਂ ਪਾਵਾਂਗੇ... ਕੋਈ ਵੀ ਸਿੰਘ ਇੱਥੋਂ ਬਾਹਰ ਜਾ ਕੇ ਆਪਣੇ ਘਰ ਨਹੀਂ ਪਰਤੇਗਾ। ...ਆਪਣੇ ਪਰਿਵਾਰਾਂ ਸ਼ੁਨੇਹੇ ਭੇਜ ਦੇਵੋ ਕਿ ਤੁਹਾ ਅੱਜ ਤੋਂ ਹੀ ਸ਼ਹੀਦ ਹੋ ਗਏ ਸਮਝ ਕੇ ਅਖੰਡ ਪਾਠ ਸਾਹਿਬ ਦੇ ਭੋਗ ਪਾ ਦੇਣ ਅਤੇ ਮੁੜ ਕਦੇ ਤੁਹਾਡੀ ਉਡੀਕ ਨਾ ਕਰਨ।... ਅੱਜ ਤੋਂ ਜੀਵਾਂਗੇ ਤਾਂ ਕੌਮ ਲਈ, ਮਰਾਂਗੇ ਤਾਂ ਵੀ ਕੌਮ ਲਈ...।"

ਸਾਰੇ ਸਿੰਘਾਂ ਦੇ ਇਕੱਠਿਆਂ ਹੀ ਮੂੰਹੋਂ ਨਿਕਲਿਆ, "ਵਾਹਿਗੁਰੂ...।"

ਜਥੇਦਾਰ ਦੀ ਇਸ ਭਾਵੁਕ ਅਤੇ ਦਿਲਾਂ ਨੂੰ ਹਿਲਾ ਕੇ ਰੱਖ ਦੇਣ ਵਾਲੀ ਸੰਖੇਪ ਜਿਹੀ ਤਕਰੀਰ ਨੇ ਸਾਰੇ ਸਿੰਘਾਂ ਨੂੰ ਧੁਰ ਅੰਦਰ ਤੱਕ ਝੰਜੋੜ ਦਿੱਤਾ। ਸਿੰਘਾਂ ਨੇ ਮਨਜ਼ੂਰੀ ਵਜੋਂ ਇਕ-ਇਕ ਕਰਕੇ ਪੰਜ ਜੈਕਾਰੇ ਛੱਡੇ। ਸਾਰੇ ਸਿੰਘ ਉਠ ਕੇ ਖੜ੍ਹੇ ਹੋ ਗਏ। ਭਾਈ ਅਨੋਖ ਸਿੰਘ ਬੱਬਰ ਨੇ ਅਰਦਾਸਾ ਸੋਧਿਆ ਅਤੇ ਜਥੇਦਾਰ ਵਲੋਂ ਐਲਾਨੇ ਫ਼ੈਸਲੇ ਨੂੰ ਅਰਦਾਸ ਵਿਚ ਪ੍ਰਣ ਵਜੋਂ ਦੁਹਰਾਇਆ।

ਅਰਦਾਸ ਉਪਰੰਤ ਡਿਊਟੀਆਂ ਲਾਈਆਂ ਗਈਆਂ। ਭਾਈ ਕਾਹਨ ਸਿੰਘ, ਜੋ ਅੰਮ੍ਰਿਤਸਰ ਸਾਹਿਬ ਦੇ ਜੰਮਪਲ ਸਨ, ਦੀ ਡਿਊਟੀ ਜਥੇਦਾਰ ਸਾਹਿਬ ਨੂੰ ਕੱਢਣ ਦੀ ਲੱਗੀ। ਕੁਝ ਸਿੰਘਾਂ ਦੀਆਂ ਸੇਵਾਵਾਂ ਬੱਚਿਆਂ ਅਤੇ ਬੀਬੀਆਂ ਨੂੰ ਬਾਹਰ ਲਿਜਾਣ ਦੀਆਂ ਲੱਗੀਆਂ।

ਗੋਲੀਆਂ ਬਿਨਾਂ ਖ਼ਾਲੀ ਹੋਈਆਂ ਗੰਨਾਂ ਨੂੰ ਗੁਰੂ ਨਾਨਕ ਨਿਵਾਸ ਦੇ ਬਾਹਰ ਖੜ੍ਹੀਆਂ ਬੱਸਾਂ ਦੇ ਹੇਠਾਂ ਜ਼ਮੀਨ 'ਤੇ ਲੱਗੀਆਂ ਇੱਟਾਂ ਚੁੱਕ ਕੇ ਮਿੱਟੀ ਵਿਚ ਨੱਪ ਦਿੱਤਾ ਗਿਆ। ਉਸੇ ਗੇਟ ਦੇ ਸੱਜੇ ਪਾਸੇ ਕੰਧ ਨਾਲ ਬਣੇ ਕਮਰੇ ਦੀ ਛੱਤ ਵਿਚ ਵੀ ਕੁਝ ਸ਼ਸਤਰ ਲੁਕਾ ਦਿੱਤੇ ਗਏ।

ਤਿੰਨ ਸਿੰਘ; ਭਾਈ ਰਣਜੀਤ ਸਿੰਘ ਤਰਸਿੱਕਾ, ਭਾਈ ਸੁਲੱਖਣ ਸਿੰਘ ਅਤੇ ਭਾਈ ਅਨੋਖ ਸਿੰਘ ਆਖ਼ਰੀ ਹਮਲੇ ਤੱਕ ਅੰਦਰ ਰਹੇ ਤਾਂ ਕਿ ਫ਼ੌਜ ਵਲੋਂ ਹਮਲੇ ਵਿਚ ਕੋਈ ਦੇਰੀ ਹੋਣ ਦੀ ਸੂਰਤ ਵਿਚ ਆਪਣੇ ਮੋਰਚੇ ਸੁੰਞੇ ਨਾ ਛੱਡੇ ਜਾਣ। ਇਹ ਸਿੰਘ ੬ ਤਾਰੀਖ਼ ਨੂੰ ਅੰਮ੍ਰਿਤ ਵੇਲੇ ੨-੩ ਵਜੇ ਤੱਕ ਅੰਦਰ ਰਹੇ, ਜਦ ਤੱਕ ਫ਼ੌਜ ਨੇ ਅੰਦਰ ਆ ਕੇ ਸਰਾਵਾਂ ਵਿਚ ਗਰਨੇਡ ਸੁੱਟਣੇ ਸ਼ੁਰੂ ਨਹੀਂ ਕਰ ਦਿੱਤੇ। ਫਿਰ ਇਹ ਤਿੰਨੋਂ ਸਿੰਘ ਗੁਰੂ ਨਾਨਕ ਨਿਵਾਸ ਦੀ ਛੱਤ ਤੋਂ ਨਾਲ ਲੱਗਦੇ ਮਕਾਨਾਂ ਦੀ ਛੱਤ ਨੂੰ ਟੱਪ ਕੇ ਇਕਹਿਰੀ ਇੱਟ ਦੀ ਬਣੀ ਕੰਧ ਉੱਤੇ ਤੁਰਦੇ ਹੋਏ ਇਕ ਬੰਦ ਪਏ ਮਕਾਨ ਦਾ ਸ਼ੀਸ਼ਾ ਤੋੜ ਕੇ ਅੰਦਰ ਦਾਖ਼ਲ ਹੋ ਗਏ। ਉੱਥੇ ਹੀ ਨਿੱਤਨੇਮ ਕਰਕੇ ਬਾਣੀ ਪੜ੍ਹਦਿਆਂ ਹੋਇਆਂ ਬਾਕੀ ਸਮਾਂ ਲੰਘਾਇਆ।

੫ ਤਾਰੀਖ਼ ਦੀ ਰਾਤ ਨੂੰ ਹੋਰ ਪਰਿਵਾਰਾਂ ਨਾਲ ਅਸੀਂ ਵੀ ਬਾਹਰ ਆ ਗਏ। ਸ਼ਹਿਰ ਦੀ ਸੰਗਤ ਵਲੋਂ ਜੋ ਪ੍ਰਸ਼ਾਦਿਆਂ ਦੀ ਸੇਵਾ ਲਈ ਬਾਗ਼ ਵਾਲੀ ਗਲੀ ਨੂੰ ਲੱਗਦੀ ਸਰਾਵਾਂ ਵਾਲੀ ਕੰਧ ਪਾੜੀ ਗਈ ਸੀ, ਉਸ ਰਾਹੀਂ ਨਿਕਲ ਕੇ ਨਾਲ ਲੱਗਦੇ ਘਰਾਂ ਵਿਚ ਚਲੇ ਗਏ।

ਜਦ ਅਸੀਂ ਬਾਗ਼ ਵਾਲੀ ਗਲੀ ਵਿਚੋਂ ਲੰਘ ਰਹੇ ਸੀ ਤਾਂ ਉੱਪਰ ਗੋਲੀਆਂ ਚੱਲ ਰਹੀਆਂ ਸਨ, ਜੋ ਗਲੀ ਭੀੜੀ ਹੋਣ ਕਰਕੇ ਹੇਠਾਂ ਤੱਕ ਮਾਰ ਨਹੀਂ ਸਨ ਕਰਦੀਆਂ। ਕੰਧ ਦੇ ਨਾਲ-ਨਾਲ ਜਦ ਅਸੀਂ ਅੱਗੇ ਵੱਧ ਰਹੇ ਸੀ ਤਾਂ ਇਕ ਐਸਾ ਕੁਰਬਾਨੀ ਭਰਿਆ ਪਰ ਦੁਖਦਾਈ ਮੰਜ਼ਰ ਤੱਕਿਆ, ਜੋ ਸ਼ਾਇਦ ਸਾਰੀ ਜ਼ਿੰਦਗੀ ਨਹੀਂ ਭੁੱਲ ਸਕਦਾ।

ਪ੍ਰਸ਼ਾਦੇ ਪਕਾ-ਪਕਾ ਕੇ ਅੰਦਰ ਸੰਗਤ ਲਈ ਭੇਜਣ ਵਾਲੀ ਮਾਤਾ, ਜਿਸ ਨੇ ਜਥੇਦਾਰ ਦਾ ਸਿਰ ਪਲੋਸ ਕੇ ਪਿਆਰ ਦਿੱਤਾ ਸੀ, ਉਸ ਦਾ ਪੁੱਤਰ ਗੋਲੀ ਲੱਗਣ ਕਰਕੇ ਗਲੀ ਵਿਚ ਹੀ ਸ਼ਹੀਦ ਹੋਇਆ ਪਿਆ ਸੀ। ਉਸ ਦੇ ਕੋਲ ਹੀ ਪ੍ਰਸ਼ਾਦਿਆਂ ਵਾਲੀ ਟੋਕਰੀ ਮੂਧੀ ਪਈ ਸੀ... ਪ੍ਰਸ਼ਾਦੇ ਖਿੱਲਰੇ ਹੋਏ ਸਨ। ਸੰਗਤਾਂ ਨੂੰ ਜਲ ਛਕਾਉਣ ਵਾਲੀ ਬਾਲਟੀ ਵਿਚਲਾ ਪਾਣੀ ਵੀ ਡੁੱਲ੍ਹ ਗਿਆ ਸੀ। ਭਾਈ ਘਨੱਈਆ ਜੀ ਦੇ ਵਾਰਿਸ ਇਸ ਸ਼ਹੀਦ ਸੇਵਾਦਾਰ ਨੂੰ ਵੇਖ ਕੇ ਸਾਰਿਆਂ ਦੀਆਂ ਅੱਖਾਂ ਨਮ ਹੋ ਗਈਆਂ। ਇਕ ਬੀਬੀ ਨੇ ਉਸ ਨੂੰ ਜਲ ਛਕਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਰੂਹ ਉਡਾਰੀਆਂ ਮਾਰ ਦਸਮੇਸ਼ ਪਿਤਾ ਜੀ ਦੇ ਚਰਨਾਂ ਵਿਚ ਜਾ ਚੁੱਕੀ ਸੀ। ਗੁਰਦੁਆਰਾ ਬਾਬਾ ਅਟੱਲ ਰਾਏ ਜੀ ਤੋਂ ਸੰਗਤ ਨੂੰ ਪ੍ਰਸ਼ਾਦੇ ਛਕਾ ਕੇ ਵਾਪਸ ਆਉਂਦਿਆਂ ਇਸ ਸਿੰਘ ਨੂੰ ਗੋਲੀ ਲੱਗ ਗਈ ਸੀ।

ਬਾਗ਼ ਵਾਲੀ ਗਲੀ ਦੇ ਹੀ ਇਕ ਮਕਾਨ ਵਿਚ ਅਸੀਂ ਦਾਖ਼ਲ ਹੋ ਗਏ। ਜਿਸ ਘਰ ਵਿਚ ਉਸ ਰਾਤ ਅਸੀਂ ਠਹਿਰੇ, ਉਨ੍ਹਾਂ ਕੋਲ ਸਿਰਫ਼ ਹੇਠਾਂ-ਉੱਤੇ ਦੋ ਹੀ ਕਮਰੇ ਸਨ। ਜੋ ਕਾਫ਼ੀ ਭੀੜੇ ਸਨ ਅਤੇ ਸੰਗਤ ਬਹੁਤੀ ਹੋਣ ਕਰਕੇ ਅਸੀਂ ਚੁਬਾਰੇ ਵਾਲੀਆਂ ਪੌੜੀਆਂ ਵਿਚ ਬੈਠ ਕੇ ਸਾਰੀ ਰਾਤ ਕੱਟੀ।

ਫ਼ੌਜ ਵਲੋਂ ਰੌਸ਼ਨੀ ਵਾਲੇ ਬੰਬ ਵੀ ਸੁੱਟੇ ਜਾ ਰਹੇ ਸਨ, ਜੋ ਹਨੇਰੀ ਰਾਤ ਵਿਚ ਉੱਪਰੋਂ ਲੰਘਦੇ ਤਾਂ ਇਉਂ ਲੱਗਦੇ ਜਿਵੇਂ ਅੱਗ ਦੇ ਗੋਲੇ ਜਾ ਰਹੇ ਹੋਣ। ਇਕ ਵਾਰ ਤਾਂ ਇਹ ਬੰਬ ਦਿਨ ਚੜ੍ਹਾ ਦਿੰਦੇ। ਪਰ ਇਹ ਇਕ ਛਲਾਵਾ ਹੀ ਸੀ, ਅਸਲ ਵਿਚ ਇਸ ਹਨ੍ਹੇਰੀ ਰਾਤ ਦਾ ਸਵੇਰਾ ਬਹੁਤ ਦੂਰ ਸੀ।

ਦੋ ਦਿਨ ਤੋਂ ਬਿਜਲੀ ਬੰਦ ਸੀ। ਜੂਨ ਦਾ ਤਪਦਾ ਮਹੀਨਾ ਅਤੇ ਫ਼ੌਜ ਦੀਆਂ ਤੋਪਾਂ ਦੋਵੇਂ ਹੀ ਅੱਗ ਵਰ੍ਹਾ ਰਹੇ ਸਨ। ਗਰਮੀ ਨਾਲ ਪਾਣੀ ਤੋਂ ਬਿਨਾ ਜੀਣਾ ਮੁਹਾਲ ਹੋਇਆ ਪਿਆ ਸੀ। ਸੰਗਤਾਂ ਆਪਣੀਆਂ ਦਸਤਾਰਾਂ ਦੇ ਆਖ਼ਰੀ ਲੜ ਖੋਲ੍ਹ ਕੇ ਝੱਲ ਮਾਰ-ਮਾਰ ਗਰਮੀ ਤੋਂ ਰਾਹਤ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਸਾਰੀ ਰਾਤ ਬੈਠ ਕੇ ਹੀ ਕੱਟੀ। ਨਾ ਕਿਸੇ ਪੇਟ ਵਿਚ ਭੁੱਖ ਸੀ ਅਤੇ ਨਾ ਕਿਸੇ ਅੱਖ ਵਿਚ ਨੀਂਦ ਹੀ ਸੀ। ਰਾਤਾਂ ਨੂੰ ਇਕ ਦੂਜੇ ਨਾਲੋਂ ਜ਼ਿੱਦ ਕੇ ਵੱਧ ਤਾਰੇ ਗਿਣਨ ਵਾਲੇ ਮਾਸੂਮ ਬੱਚੇ ਅੱਜ ਅਸਮਾਨ ਵਿਚ ਬੰਬਾਂ ਦੀ ਗਿਣਤੀ ਕਰ ਰਹੇ ਸਨ।

ਛੇ ਜੂਨ ਨੂੰ ਸਵੇਰੇ ੮ ਤੋਂ ੧੦ ਵਜੇ ਦੇ ਵਿਚਕਾਰ ਬਹੁਤ ਭਾਰੀ ਗੋਲੀਬਾਰੀ ਹੋਈ। ਇਸ ਗੋਲੀਬਾਰੀ ਤੋਂ ਬਾਅਦ ਗਿਆਰਾਂ ਵਜੇ ਦੇ ਕਰੀਬ ਅਸੀਂ ਹੇਠਾਂ ਉਤਰ ਕੇ ਇਕ ਖੁੱਲ੍ਹੇ ਵਿਹੜੇ ਵਿਚ ਇਕੱਠੇ ਹੋ ਗਏ। ਗੋਲੀ ਬੰਦ ਹੋ ਚੁੱਕੀ ਸੀ ਅਤੇ ਸੰਗਤ ਦੀ ਚਹਿਲ-ਕਦਮੀ ਸ਼ੁਰੂ ਹੋ ਗਈ। ਅਸੀਂ ਗਲੀ ਵਿਚ ਬਾਹਰ ਨਿਕਲ ਕੇ ਵੇਖਿਆ ਤਾਂ ਹੈਰਾਨ ਰਹਿ ਗਏ। ਆਸ-ਪਾਸ ਦੇ ਘਰਾਂ

ਵਾਲਿਆਂ ਨੇ ਆਪਣੇ ਦਰਵਾਜਿਆਂ ਅੱਗੇ ਮੰਜੇ ਡਾਹੇ ਹੋਏ ਸਨ। ਮੰਜਿਆਂ ਉਪਰ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪਕਾ ਕੇ ਸੰਗਤ ਦੇ ਛਕਣ ਲਈ ਪਰੋਸੇ ਹੋਏ ਸਨ। ਫਲ-ਫਰੂਟਾਂ ਦਾ ਕਾਰੋਬਾਰ ਕਰਨ ਵਾਲੇ ਵੀਰਾਂ ਨੇ ਮੰਜਿਆਂ ਉੱਪਰ ਫਲਾਂ ਦੇ ਢੇਰ ਲਾਏ ਹੋਏ ਸਨ।

ਬੇਸ਼ੱਕ ਕਿਸੇ ਦਾ ਵੀ ਮਨ ਕੁਝ ਛਕਣ ਨੂੰ ਨਹੀਂ ਸੀ ਕਰ ਰਿਹਾ ਪਰ ਛਕਾਉਣ ਵਾਲੇ ਤਰਲੇ-ਮਿੰਨਤਾਂ ਅਤੇ ਬੇਨਤੀਆਂ ਕਰ-ਕਰ ਕੇ ਸੰਗਤ ਨੂੰ ਕੁਝ ਨਾ ਕੁਝ ਛਕਣ ਲਈ ਮਜਬੂਰ ਕਰ ਰਹੇ ਸਨ।

ਕੁਝ ਸਮੇਂ ਬਾਅਦ ਭਾਈ ਗੁਰਜੀਤ ਸਿੰਘ 'ਹਰੀਹਰ ਝੋਕ' ਨੇ ਪਿਤਾ ਜੀ ਅਤੇ ਬਾਕੀ ਸਿੰਘਾਂ ਨੂੰ ਆਪਣੇ ਬਾਹਰ ਆਉਣ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਹੀਦੀ ਬਾਰੇ ਅੱਖੀਂ ਵੇਖੀ ਵਾਰਤਾ ਸੁਣਾਈ, ਜੋ ਸੰਤਾਂ ਕੋਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੇ ਪਾਸੇ ਤੋਂ ਬਚ ਕੇ ਬਾਹਰ ਆਇਆ ਸੀ। ਭਾਈ ਗੁਰਜੀਤ ਸਿੰਘ ਨੇ ਦੱਸਿਆ ਕਿ ਸੰਤਾਂ ਨੇ ਛੇ ਤਾਰੀਖ਼ ਦੀ ਸਵੇਰ ਨੂੰ ਆਖ਼ਰੀ ਵਾਰ ਫੇਰ ਆਪਣੇ ਸਾਥੀ ਸਿੰਘਾਂ ਨੂੰ ਕਿਹਾ ਸੀ ਕਿ ਜੋ ਬਾਹਰ ਜਾ ਸਕਦੇ ਹਨ, ਚਲੇ ਜਾਣ। ਸਾਢੇ ਨੌਂ ਵਜੇ ਦੇ ਕਰੀਬ ਸੰਤ ਸਾਥੀ ਸਿੰਘਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਹਿਖਾਨੇ ਦੀਆਂ ਪੌੜੀਆਂ ਚੜ੍ਹ ਕੇ ਉਪਰ ਆ ਗਏ। ਇੱਥੋਂ ਕੁਝ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸਿਓਂ ਬਾਹਰ ਚਲੇ ਗਏ ਅਤੇ ਬਾਕੀ ਸਿੰਘਾਂ ਨੇ ਸੰਤਾਂ ਦੇ ਨਾਲ ਹੀ ਸ਼ਹੀਦ ਹੋਣ ਦਾ ਫ਼ੈਸਲਾ ਕੀਤਾ। ਜਿਨ੍ਹਾਂ ਵਿਚ ਭਾਈ ਗੁਰਜੀਤ ਸਿੰਘ ਵੀ ਸੀ।

Shld Bwel gurjIq isMG

ਸੰਤ ਅਰਦਾਸ ਕਰਨ ਉਪਰੰਤ ਤੇਜ਼ੀ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੇਠਾਂ ਉਤਰ ਕੇ ਸਾਹਮਣੇ ਵਿਹੜੇ ਵਿਚ ਆ ਗਏ। ਉਨ੍ਹਾਂ ਦੇ ਪਿੱਛੇ ਆ ਰਹੇ ਭਾਈ ਅਮਰੀਕ ਸਿੰਘ ਨੂੰ ਪੌੜੀਆਂ ਤੋਂ ਉਤਰਦਿਆਂ ਹੀ ਗੋਲੀ ਲੱਗ ਗਈ ਅਤੇ ਉਹ ਜ਼ਖ਼ਮੀ ਹਾਲਤ ਵਿਚ ਨਿਸ਼ਾਨ ਸਾਹਿਬ ਕੋਲ ਬਰਾਂਡੇ ਵਿਚ ਬੈਠ ਗਏ। ਸੰਤਾਂ ਦੇ ਮਗਰ ਆ ਰਹੇ ਸਿੰਘਾਂ ਵਿਚੋਂ ਕਈ ਪੌੜੀਆਂ ਵਿਚ ਹੀ ਗੋਲੀਆਂ ਲੱਗਣ ਨਾਲ ਸ਼ਹੀਦ ਹੋ ਗਏ। ਭਾਈ ਗੁਰਜੀਤ ਸਿੰਘ ਅਨੁਸਾਰ ਉਹ ਜ਼ਖ਼ਮੀ ਹੋ ਚੁੱਕੇ ਭਾਈ ਅਮਰੀਕ ਸਿੰਘ ਹੁਰਾਂ ਕੋਲ ਹੀ ਬਰਾਂਡੇ ਵਿਚ ਚਲੇ ਗਏ ਅਤੇ ਉਨ੍ਹਾਂ ਵੱਲ ਮੂੰਹ ਕਰਕੇ ਬੈਠੇ ਹੀ ਸਨ ਕਿ ਭਾਈ ਅਮਰੀਕ ਸਿੰਘ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਵੇਖ ਰਹੇ ਸਨ, ਇਕਦਮ ਬੋਲੇ, "ਲਉ ਭਾਈ...ਭਾਣਾ ਵਰਤ ਗਿਆ ਜੇ... ਸੰਤ ਵੀ ਸ਼ਹੀਦ ਹੋ ਗਏ।"

ਭਾਈ ਗੁਰਜੀਤ ਸਿੰਘ ਨੇ ਦੱਸਿਆ ਕਿ, "ਜਦ ਮੈਂ ਮੁੜ ਕੇ ਉਸ ਪਾਸੇ ਵੱਲ ਵੇਖਿਆ ਤਾਂ ਸੰਤਾਂ ਨੂੰ ਫ਼ੌਜ ਦੀਆਂ ਗੋਲੀਆਂ ਦਾ ਬਰੱਸਟ ਵੱਜ ਗਿਆ ਸੀ ਅਤੇ ਨਾਲ ਹੀ ਜ਼ੋਰਦਾਰ ਧਮਾਕਾ ਹੋਇਆ। ਸੰਗਮਰਮਰ ਹੇਠਲੀ ਧੂੜ ਅਤੇ ਬੰਬਾਂ ਦਾ ਧੂੰਆਂ ਹੀ ਧੂੰਆਂ ਸਾਰੇ ਪਾਸੇ ਫੈਲ ਗਿਆ। ਜਿਸ ਦੀ ਆੜ ਵਿਚ ਮੈਂ ਬਾਹਰ ਆ ਗਿਆ। ਸੰਤਾਂ ਦੀ ਸ਼ਹੀਦੀ ਦਾ ਭਾਈ ਗੁਰਜੀਤ ਸਿੰਘ 'ਹਰੀਹਰ ਝੋਕ' ਅੱਖੀਂ ਡਿੱਠਾ ਗਵਾਹ ਸੀ।

ਛੇ ਜੂਨ ਨੂੰ ਦੁਪਹਿਰੇ ੩ ਵਜੇ ਦੇ ਆਸ-ਪਾਸ ਕੁਝ ਸਮੇਂ ਲਈ ਕਰਫਿਊ ਵਿਚ ਢਿੱਲ ਦਾ ਐਲਾਨ ਹੋਇਆ। ਇਹ ਪਹਿਲਾ ਐਲਾਨ ਸੀ ਜੋ ਸੰਗਤ ਦੇ ਬਾਹਰ ਨਿਕਲਣ ਲਈ ਕੀਤਾ ਗਿਆ ਸੀ। ਚਾਰ ਜੂਨ ਦੇ ਧਮਾਕੇ ਤੋਂ ਸ਼ੁਰੂ ਕੀਤੇ ਗਏ ਹਮਲੇ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਘੇਰੇ ਵਿਚ ਆ ਚੁੱਕੀ ਸੰਗਤ ਨੂੰ ਬਾਹਰ ਆਉਣ ਲਈ ਇਸ ਤੋਂ ਪਹਿਲਾਂ ਕੋਈ ਐਲਾਨ ਨਹੀਂ ਸੀ ਕੀਤਾ ਗਿਆ।

ਸਮੂਹ ਜੁਝਾਰੂ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਕਰਫ਼ਿਊ ਦੀ ਇਸ ਖੁੱਲ੍ਹ ਵਿਚ ਹੀ ਸੰਗਤੀ ਰੂਪ ਹੋ ਕੇ ਬਾਹਰ ਨਿਕਲਿਆ ਜਾਵੇ, ਜੋ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਸਮੂਹ ਦੇ ਆਸ-ਪਾਸ ਦੇ ਘਰਾਂ ਵਿਚ ਠਹਿਰੇ ਹੋਏ ਸਨ। ਯੋਜਨਾ ਅਨੁਸਾਰ ਸਾਰੇ ਸਿੰਘਾਂ ਨੇ ਪੈਂਟ-ਕਮੀਜ਼ਾਂ ਪਾ ਕੇ ਨੋਕ ਵਾਲੀਆਂ ਪੱਗਾਂ ਬੰਨ੍ਹ ਲਈਆਂ। ਪਰਿਵਾਰਾਂ ਵਾਲੇ ਸਿੰਘਾਂ ਦੇ ਇਕ ਤੋਂ ਵਧੇਰੇ ਬੱਚੇ ਸਨ। ਜਿਵੇਂ ਕਿ ਅਸੀਂ ਤਿੰਨ ਭੈਣ-ਭਰਾ, ਜਥੇਦਾਰ ਸੁਖਦੇਵ ਸਿੰਘ ਦੇ ਤਿੰਨ ਬੱਚੇ ਸਨ ਅਤੇ ਭਾਈ ਫ਼ੌਜੀ ਦੇ ਵੀ ਤਿੰਨ ਹੀ ਬੱਚੇ ਸਨ। ਕਵਾਰੇ ਸਿੰਘਾਂ ਨੇ ਇਕ-ਇਕ ਬੱਚਾ ਉਂਗਲ ਨਾਲ ਲਾ ਲਿਆ ਅਤੇ ਵਿਆਹੇ ਸਿੰਘ ਆਪਣੀਆਂ ਸਿੰਘਣੀਆਂ ਨਾਲ ਸੰਗਤੀ ਰੂਪ ਵਿਚ ਹੀ ਫ਼ੌਜ ਦੇ ਘੇਰੇ ਵਿਚੋਂ ਬਾਹਰ ਆ ਗਏ।

ਸ਼ਹਿਰ ਦੇ ਬਾਹਰਵਾਰ ਸਾਡੇ ਇਕ ਰਿਸ਼ਤੇਦਾਰ ਦੇ ਘਰ ਅਸੀਂ ਸਭ ਇਕੱਠੇ ਹੋਏ ਅਤੇ ਇਸ਼ਨਾਨ-ਪਾਣੀ ਕੀਤਾ। ਘਰ ਵਾਲਿਆਂ ਤੋਂ ਕੱਪੜੇ ਮੰਗ ਕੇ ਬਦਲੇ ਗਏ। ਪਿਛਲੇ ਤਿੰਨ ਦਿਨਾਂ ਤੋਂ ਲੀਕਾਂ ਵਾਲੇ ਝੱਗੇ ਅਤੇ ਕਛਹਿਰੇ ਹੀ ਪਾਏ ਹੋਏ ਸਨ, ਜਿਨ੍ਹਾਂ ਦਾ ਗਰਮੀ ਅਤੇ ਮੁੜ੍ਹਕੇ ਨਾਲ ਬੁਰਾ ਹਾਲ ਹੋ ਚੁੱਕਾ ਸੀ। ਇੱਥੇ ਹੀ ਚਾਚਾ ਜੀ ਸੁਖਦੇਵ ਸਿੰਘ ਬੱਬਰ ਵੀ ਆ ਗਏ, ਜੋ ਭਾਈ ਮਨਮੋਹਨ ਸਿੰਘ ਉਰਫ਼ ਭਾਈ ਕਾਹਨ ਸਿੰਘ ਨਾਲ ਆਏ ਸਨ। ਉਨ੍ਹਾਂ ਦੱਸਿਆ ਕਿ ਪੰਜ ਜੂਨ ਦੀ ਅੱਧੀ ਰਾਤ ਨੂੰ ਭਾਈ ਕਾਹਨ ਸਿੰਘ ਉਨ੍ਹਾਂ ਨੂੰ ਇਕ ਹਿੰਦੂ ਪਰਿਵਾਰ ਦੇ ਘਰ ਲੈ ਗਿਆ ਸੀ। ਇਹ ਉਹੀ ਹਿੰਦੂ ਪਰਿਵਾਰ ਸੀ, ਜਿਸ ਦੀ ਦੁਕਾਨ ਤੋਂ ਇਕ ਵਾਰ ਦੋ ਸਿੰਘ ਬਿਨਾਂ ਮਾਇਆ ਦੇਣ ਦੇ ਕੱਪੜਾ ਇਹ ਕਹਿ ਕੇ ਲੈ ਆਏ ਸਨ, ਕਿ ਜੁਝਾਰੂ ਸਿੰਘਾਂ ਲਈ ਸੇਵਾ ਕਰਿਆ ਕਰੋ।

ਜਦ ਹਿੰਦੂ ਦੁਕਾਨਦਾਰ ਨੇ ਜਥੇਦਾਰ ਸੁਖਦੇਵ ਸਿੰਘ ਬੱਬਰ ਕੋਲ ਆ ਕੇ ਸ਼ਿਕਾਇਤ ਕੀਤੀ ਤਾਂ ਜਥੇਦਾਰ ਜੀ ਨੇ ਕੱਪੜਾ ਲਿਆਉਣ ਵਾਲੇ ਦੋਹਾਂ ਸਿੰਘਾਂ ਨੂੰ ਡਾਂਗਾਂ ਨਾਲ ਕੁੱਟਿਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ, "ਗੁਰੂ ਕਾ ਖ਼ਾਲਸਾ ਹਿੰਦੂ, ਮੁਸਲਮਾਨ, ਸਿੱਖ ਅਤੇ ਇਸਾਈ; ਸਭਨਾਂ ਦੇ ਹੱਕਾਂ ਅਤੇ ਜਾਨ-ਮਾਲ ਦਾ ਬਰਾਬਰ ਦਾ ਰਾਖਾ ਹੈ। ਅਸੀਂ ਲੁੱਟਾਂ-ਖੋਹਾਂ ਕਰਨ ਵਾਲੇ ਧਾੜ੍ਹਵੀ ਨਹੀਂ, ਬਲਕਿ ਲੋਕ ਹਿਤਾਂ ਦੇ ਰਾਖੇ ਹਾਂ। ਜਥੇਦਾਰ ਨੇ ਉਸ ਹਿੰਦੂ ਦੁਕਾਨਦਾਰ ਨੂੰ ਉਸ ਦੀ ਬਣਦੀ ਮਾਇਆ ਦਿੱਤੀ ਅਤੇ ਅੱਗੇ ਤੋਂ ਨਿਸ਼ਚਿੰਤ ਹੋ ਕੇ ਕਾਰੋਬਾਰ ਕਰਨ ਦਾ ਹੌਸਲਾ ਦਿੱਤਾ। ਉਸ ਹਿੰਦੂ ਵੀਰ ਨੇ ਜਥੇਦਾਰ ਅੱਗੇ ਹੱਥ ਬੰਨ੍ਹ ਦਿੱਤੇ, "ਮੈਂ ਇਹ ਰੁਪਏ ਨਹੀਂ ਲੈਣੇ ਸੁਣਿਆ ਤਾਂ ਸੀ ਕਿ ਖ਼ਾਲਸਾ ਬਹੁਤ ਨਿਆਂਕਾਰੀ ਹੁੰਦਾ ਹੈ ਅੱਜ ਵੇਖ ਵੀ ਲਿਆ ....ਰੱਬ ਨਾ ਕਰੇ ਕਦੇ ਤੁਹਾਨੂੰ ਲੋੜ ਪਵੇ ਪਰ ਜੇ ਕੋਈ ਭੀੜ ਬਣੀ ਤਾਂ ਮੇਰੀ ਜਾਨ ਵੀ ਤੁਹਾਡੇ ਲਈ ਹਾਜ਼ਰ ਹੋਵੇਗੀ।" ਇਹ ਸੁਣ ਕੇ ਜਥੇਦਾਰ ਨੇ ਉਸ ਨੂੰ ਕਲਾਵੇ ਵਿਚ ਲੈ ਲਿਆ ਅਤੇ ਧੱਕੇ ਨਾਲ ਮਾਇਆ ਉਸ ਦੀ ਜੇਬ ਵਿਚ ਪਾ ਦਿੱਤੀ। ਆਪਣੇ ਹੱਥੀਂ ਅਨੇਕਾਂ ਦੁਸ਼ਟਾਂ ਨੂੰ ਸੋਧ ਕੇ ਮੌਜੂਦਾ ਹਥਿਆਰਬੰਦ ਸੰਘਰਸ਼ ਦਾ ਮੁੱਢ ਬੰਨ੍ਹਣ ਵਾਲੇ ਬੱਬਰ ਖ਼ਾਲਸਾ ਦੇ ਜਥੇਦਾਰ ਸੁਖਦੇਵ ਸਿੰਘ ਬੱਬਰ ਨੂੰ ਅੱਜ ਉਸੇ ਹਿੰਦੂ ਪਰਿਵਾਰ ਨੇ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਠਾਹਰ ਦਿੱਤੀ ਸੀ। ਜਿਸ ਦੀ ਭਾਲ ਵਿਚ ਫ਼ੌਜ ਸਾਰੇ ਸ਼ਹਿਰ ਦੇ ਚੱਪੇ-ਚੱਪੇ ਨੂੰ ਛਾਣ ਰਹੀ ਸੀ।

ਅਗਲੇ ਦਿਨ ਸਾਈਕਲ ਉੱਤੇ ਨਾਸ਼ਤੇ ਦੇ ਸਾਮਾਨ ਦਾ ਲਿਫ਼ਾਫ਼ਾ ਬੰਨ੍ਹ ਕੇ ਜਥੇਦਾਰ ਅਤੇ ਭਾਈ ਕਾਹਨ ਸਿੰਘ ਬੱਚਿਆਂ ਲਈ ਨਾਸ਼ਤੇ ਦਾ ਬਹਾਨਾ ਬਣਾ ਕੇ ਘੇਰੇ ਵਿਚੋਂ ਨਿਕਲ ਗਏ। ਇੱਥੋਂ ਉਹ ਭਾਈ ਕਾਹਨ ਸਿੰਘ ਦੇ ਇਕ ਮਿੱਤਰ ਦੀ ਫ਼ੈਕਟਰੀ ਵਿਚ ਚਲੇ ਗਏ। ਇਲਾਕੇ ਦੀ ਛਾਣਬੀਣ ਕਰਦੇ ਹੋਏ ਫ਼ੌਜ ਨੇ ਇਸ ਫ਼ੈਕਟਰੀ ਵਿਚ ਵੀ ਛਾਪਾ ਮਾਰਿਆ। ਫ਼ੈਕਟਰੀ ਦੇ ਮਾਲਕ ਸਮੇਤ ਜਥੇਦਾਰ ਸੁਖਦੇਵ ਸਿੰਘ ਅਤੇ ਭਾਈ ਕਾਹਨ ਸਿੰਘ ਨੂੰ ਹੱਥ ਕੜੀਆਂ ਲਾ ਲਈਆਂ। ਫ਼ੌਜੀ ਅਫ਼ਸਰ ਦਾ ਕਹਿਣਾ ਸੀ ਕਿ ਉਹ ਕਰਫ਼ਿਊ ਲੱਗਾ ਹੋਣ 'ਤੇ ਇੱਥੇ ਕੀ ਕਰ ਰਹੇ ਸਨ। ਫ਼ੈਕਟਰੀ ਦੇ ਮਾਲਕ ਤੋਂ ਪਹਿਲਾਂ ਹੀ ਜਥੇਦਾਰ ਨੇ ਮੌਕਾ ਸਾਂਭਦੇ ਹੋਏ ਕਹਾਣੀ ਘੜ ਲਈ ਕਿ ਜ਼ਰੂਰੀ ਅਤੇ ਸੀਮਤ ਸਮੇਂ ਵਿਚ ਆਰਡਰ ਪੂਰਾ ਕਰਨ ਦੀ ਮਜਬੂਰੀ ਹੋਣ ਕਰਕੇ ਕੰਮ 'ਤੇ ਆਏ ਹਾਂ। ਜੇਕਰ ਤੁਹਾਨੂੰ ਇਤਰਾਜ਼ ਹੈ ਤਾਂ ਅਸੀਂ ਬੰਦ ਕਰ ਦਿੰਦੇ ਹਾਂ। ਇਸ ਗੱਲ ਨੇ ਫ਼ੌਜੀ ਅਫ਼ਸਰ ਦੀ ਤਸੱਲੀ ਕਰਵਾ ਦਿੱਤੀ ਅਤੇ ਉਸ ਨੇ ਫ਼ੌਰਨ ਫ਼ੈਕਟਰੀ ਬੰਦ ਕਰਵਾ ਕੇ ਸਭ ਨੂੰ ਘਰ ਜਾਣ ਲਈ ਕਹਿ ਦਿੱਤਾ। ਜਿੱਥੋਂ ਸਾਈਕਲ ਉੱਤੇ ਹੀ ਉਹ ਦੋਵੇਂ ਸਾਡੇ ਕੋਲ ਆ ਗਏ।

ਦੋ ਦਿਨ ਬਾਅਦ ਚਾਚਾ ਜੀ ਜਥੇਦਾਰ ਸੁਖਦੇਵ ਸਿੰਘ ਅਤੇ ਪਿਤਾ ਜੀ ਬਾਕੀ ਸਿੰਘਾਂ ਨਾਲ ਗੁਪਤ ਟਿਕਾਣੇ 'ਤੇ ਚਲੇ ਗਏ ਅਤੇ ਸੰਘਰਸ਼ ਦੀ ਨਵੀਂ ਰੂਪ-ਰੇਖਾ ਤਿਆਰ ਕਰਨ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਭੋਗ ਉਪਰੰਤ ਜਥੇਦਾਰ ਸੁਖਦੇਵ ਸਿੰਘ ਬੱਬਰ ਨੇ ਆਪਣੀ ਤਕਰੀਰ ਦੀ ਆਰੰਭਤਾ ਵਿਚ ਜੂਨ ੧੯੮੪ ਦੇ ਮਹਾਨ ਸ਼ਹੀਦਾਂ; ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਸ਼ਹੀਦ ਭਾਈ ਕੁਲਵੰਤ ਸਿੰਘ ਬੱਬਰ (ਭਾਈ ਮਹਿੰਗਾ ਸਿੰਘ), ਜਨਰਲ ਸੁਬੇਗ ਸਿੰਘ, ਭਾਈ ਅਮਰਜੀਤ ਸਿੰਘ ਖੇਮਕਰਨ ਸਮੇਤ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਤਕਰੀਰ ਦੀ ਆਡੀਓ ਰਿਕਾਰਡਿੰਗ ਅੱਜ ਵੀ ਮੌਜੂਦ ਹੈ। ਸੰਤਾਂ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਭ ਤੋਂ ਪਹਿਲਾ ਅਖੰਡ ਪਾਠ ਸਾਹਿਬ ਬੱਬਰ ਖ਼ਾਲਸਾ ਜਥੇਬੰਦੀ ਵਲੋਂ ਹੀ ਕੀਤਾ ਗਿਆ ਸੀ ।

ਅਸੀਂ ਸਾਰਾ ਪਰਿਵਾਰ ਕੁਝ ਦਿਨ ਤੱਕ ਇਨ੍ਹਾਂ ਰਿਸ਼ਤੇਦਾਰਾਂ ਦੇ ਘਰ ਹੀ ਠਹਿਰੇ। ੧੦ ਤਾਰੀਖ਼ ਨੂੰ ਅਸੀਂ ਟਾਂਗੇ ਵਿਚ ਬੈਠ ਕੇ ਤਰਨਤਾਰਨ ਆ ਗਏ। ਉੱਥੋਂ ਦਾਦੀ ਜੀ ਨਾਲ ਕਿਸੇ ਦੇ ਟਰੈਕਟਰ-ਟਰਾਲੀ ਵਿਚ ਬੈਠ ਪਿੰਡ ਦਾਸੂਵਾਲ ਪਹੁੰਚ ਗਏ। ਬਾਪੂ ਜੀ ਨੂੰ ਸਿੰਘਾਂ ਦੇ ਫ਼ੈਸਲੇ ਬਾਰੇ ਦੱਸਿਆ ਕਿ ਚਾਚਾ ਜੀ ਅਤੇ ਪਿਤਾ ਜੀ ਨੇ ਹੁਣ ਕਦੇ ਘਰ ਵਾਪਸ ਨਹੀਂ ਆਉਣਾ ਅਤੇ ਉਨ੍ਹਾਂ ਨੇ ਭੋਗ ਪਾਉਣ ਲਈ ਵੀ ਕਿਹਾ ਹੈ।

ਦਾਦਾ ਜੀ ਸਰਦਾਰ ਜਿੰਦ ਸਿੰਘ ਨੇ ਆਪਣੇ ਜਿਊਂਦੇ ਜਾਗਦੇ ਜਵਾਨ ਪੁੱਤਰਾਂ; ਮਹਿਲ ਸਿੰਘ ਬੱਬਰ ਅਤੇ ਸੁਖਦੇਵ ਸਿੰਘ ਬੱਬਰ ਨੂੰ ਗੁਰੂ ਪੰਥ ਦੇ ਲੇਖੇ ਲੱਗ ਗਏ ਜਾਣ, ਉਨ੍ਹਾਂ ਦੀ ਸ਼ਹੀਦੀ ਦਾ ਅਖੰਡ ਪਾਠ ਸਾਹਿਬ ਰੱਖ ਕੇ ਭੋਗ ਪਾ ਦਿੱਤਾ। ਜਿਸ ਦੀ ਇਲਾਕੇ ਭਰ ਵਿਚ ਬਹੁਤ ਦੇਰ ਚਰਚਾ ਰਹੀ। ਇਸੇ ਤਰ੍ਹਾਂ ਹੀ ਬਾਕੀ ਬੱਬਰ ਸਿੰਘਾਂ ਨੇ ਵੀ ਆਪਣਾ ਪ੍ਰਣ ਸਿਰ-ਧੜ੍ਹ ਦੀ ਬਾਜ਼ੀ ਲਾ ਕੇ ਤੋੜ ਨਿਭਾਇਆ ਅਤੇ ਮੁੜ ਜਿਊਂਦੇ ਜੀਅ ਕਦੇ ਘਰਾਂ ਨੂੰ ਵਾਪਸ ਨਹੀਂ ਪਰਤੇ।

“ਅੱਜ ਤੋਂ ਜੋ ਵੀ ਸੁਆਸ ਲਵਾਂਗੇ... ਉਹ ਸੰਘਰਸ਼ ਵਿਚ ਜੂਝਦੇ ਹੋਏ ਲਵਾਂਗੇ।... ਅਤੇ ਆਖ਼ਰੀ ਸੁਆਸ ਤੱਕ ਸੰਘਰਸ਼ ਵਿਚ ਸੇਵਾ ਕਰਦੇ ਹੋਏ

ShIdIAW pwvWgy.

ਹਜ਼ਾਰਾਂ ਸਿੱਖ ਸੰਗਤਾਂ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸ਼ਹੀਦ ਕਰਕੇ ਹਿੰਦੁਸਤਾਨ ਸਰਕਾਰ ਨੂੰ ਵਹਿਮ ਹੋ ਗਿਆ ਸੀ ਕਿ ਉਸ ਨੇ ਸਿੱਖ ਸੰਘਰਸ਼ ਖ਼ਤਮ ਕਰ ਦਿੱਤਾ ਹੈ, ਜੋ ਹੁਣ ਕਦੇ ਨਹੀਂ ਉੱਠ ਸਕੇਗਾ। ਪਰ ਜਲਦ ਹੀ ਜਥੇਦਾਰ ਸੁਖਦੇਵ ਸਿੰਘ ਬੱਬਰ ਨੇ ਬੱਬਰ ਖ਼ਾਲਸਾ ਜਥੇਬੰਦੀ ਨੂੰ ਮੁੜ ਜਥੇਬੰਦ ਕੀਤਾ ਅਤੇ ਬਾਕੀ ਜਥੇਬੰਦੀਆਂ ਨਾਲ ਸੰਪਰਕ ਕਰਕੇ ਹਰ ਸੰਭਵ ਮਦਦ ਕੀਤੀ। ਉਨ੍ਹਾਂ ਸਾਰੇ ਗਿਲ੍ਹੇ-ਸ਼ਿਕਵੇ ਭੁਲਾ ਕੇ ਸਭ ਨੂੰ ਇਕੱਠੇ ਹੋ ਕੇ ਚਲਾਉਣ ਦੀਆਂ ਅਣਥੱਕ ਕੋਸ਼ਿਸ਼ਾਂ ਕੀਤੀਆਂ। ਜਥੇਦਾਰ ਜੀ ਦਾ ਇਹੀ ਵਿਚਾਰ ਹੁੰਦਾ ਸੀ ਕਿ ਪੁਰਾਤਨ ਸਿੰਘਾਂ ਵਲੋਂ ਪਾਈਆਂ ਪੈੜਾਂ ਉੱਪਰ ਚੱਲਿਆ ਜਾਵੇ ਜਿਵੇਂ ਕਿ,

“ਮਿਸਲ ਵੰਡ ਕਬਹੂ ਨਾ ਪਾਵੋ, ਰਲ ਮਿਲ ਕਰ ਸਭ ਪੰਥ ਬਚਾਵੋ॥”

ਉਨ੍ਹਾਂ ਸਭ ਜੁਝਾਰੂਆਂ ਨੂੰ ਇਹੀ ਬਚਨ ਦਿੱਤਾ ਕਿ,

“ਮੈਂ ਜਦ ਤੱਕ ਜਿਊਂਦਾ ਰਿਹਾ, ਏਕਤਾ ਲਈ ਸਿਰ-ਤੋੜ ਯਤਨ ਕਰਦਾ ਰਹਾਂਗਾ।”

ਨਵੇਂ ਹਥਿਆਰਾਂ ਨਾਲ ਸ਼ਹੀਦੀ ਜਥੇ ਰਣ-ਤੱਤੇ ਵਿਚ ਫਿਰ ਨਿੱਤਰ ਆਏ। ਜਥੇਦਾਰ ਜੀ ਨੇ ਆਪ ਪੰਜਾਬ ਦੇ ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੇ ਸੁਝਾਅ ਅਤੇ ਅਸ਼ੀਰਵਾਦ ਲਏ। ਸਿੱਖ ਸੰਗਤ ਵਲੋਂ ਜਥੇਦਾਰ ਜੀ ਨੂੰ ਭਰਪੂਰ ਸਮਰਥਨ ਮਿਲਿਆ। ਸੰਗਤ ਵਲੋਂ ਇਸ ਫ਼ੈਸਲੇ ਨਾਲ ਵੀ ਪੂਰਨ ਸਹਿਮਤੀ ਪ੍ਰਗਟਾਈ ਗਈ ਕਿ ਖ਼ਾਲਸਾ ਰਾਜ ਤੋਂ ਬਗੈਰ ਹੁਣ ਸਾਡਾ ਕੋਈ ਗੁਜ਼ਾਰਾ ਨਹੀਂ।

ਸਾਰੀ ਕੌਮ ਨੂੰ ਇਕਮੁਠ ਹੋ ਕੇ ਖ਼ਾਲਸਾ ਰਾਜ ਲਈ ਫ਼ੈਸਲਾਕੁਨ ਜੰਗ ਛੇੜਨ ਲਈ ਉਨ੍ਹਾਂ ਪ੍ਰੈੱਸ ਦੇ ਨਾਮ ਇਹ ਬਿਆਨ ਜਾਰੀ ਕੀਤਾ।

ਗੁਰੂ ਪਿਆਰੇ ਖ਼ਾਲਸਾ ਜੀਓ,

ਗੁਰੂ ਕਿਰਪਾ ਸਦਕਾ ਦਾਸ ਫ਼ੌਜ ਵਲੋਂ ਹੋਏ ਹਮਲੇ ਸਮੇਂ 5 ਜੂਨ ਸ੍ਰੀ ਹਰਿਮੰਦਰ ਸਾਹਿਬ ਤੋਂ ਠੀਕ ਬਾਹਰ ਆ ਗਿਆ ਹੈ ਤੇ ਹੋਰ ਸਾਥੀ ਸਿੰਘ ਵੀ ਮੇਰੇ ਨਾਲ ਠੀਕ-ਠਾਕ ਬਾਹਰ ਆ ਗਏ ਹਨ। ਹਮਲੇ ਦੌਰਾਨ ਜੋ ਘੋਰ ਬੇਅਦਬੀ ਭਾਰਤ ਸਰਕਾਰ ਨੇ ਸਾਡੇ ਪਵਿੱਤਰ ਅਸਥਾਨ ਅੰਦਰ ਸਿੱਖਾਂ ਦੇ ਖ਼ੂਨ ਨਾਲ ਹੋਲੀ ਖੇਡ ਕੇ ਕੀਤੀ, ਉਸ ਦਾ ਸਦਮਾ ਮੇਰੇ ਲਈ ਅਸਹਿ ਹੈ। ਗੁਰੂ ਅੱਗੇ ਇਹੀ ਅਰਦਾਸ ਕਰਦਾ ਹਾਂ ਕਿ ਬਲ ਬਖ਼ਸ਼ਣ ਤਾਂ ਕਿ ਗੁਰੂ-ਘਰ ਦੀ ਬੇਅਦਬੀ ਕਰਨ ਵਾਲਿਆਂ ਅਤੇ ਸਿੱਖ ਧਰਮ ਖ਼ਤਮ ਕਰਨ ਦੀਆਂ ਵਿਉਂਤਾਂ ਬਣਾਉਣ ਵਾਲਿਆਂ ਲੋਹੇ ਦੇ ਚਣੇ ਚਬਾ ਸਕੀਏ। ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਖ਼ਾਲਸਾ ਰਾਜ ਤੋਂ ਬਗੈਰ ਸਾਡਾ ਕੋਈ ਗੁਜ਼ਾਰਾ ਨਹੀਂ ਹੈ। ਸਾਰੀ ਕੌਮ ਇਕਮੁਠ ਹੋ ਕੇ ਖ਼ਾਲਸਾ ਰਾਜ ਲਈ ਫ਼ੈਸਲਾਕੁੰਨ ਜੰਗ ਲੜਨੀ ਚਾਹੀਦੀ ਹੈ। ਜਿਹੜਾ ਖ਼ਾਲਸਾ ਰਾਜ ਦੀ ਵਿਰੋਧਤਾ ਕਰਦਾ ਹੈ ਜਾਂ ਹਿੰਦ ਸਰਕਾਰ ਨਾਲ ਅਜੇ ਵੀ ਕੋਈ ਸਮਝੌਤੇ ਦੀ ਗੱਲ ਕਰਦਾ ਹੈ, ਉਹ ਪੰਥ ਦਾ ਗੁੱਦਾਰ ਸਮਝਿਆ ਜਾਣਾ ਚਾਹੀਦਾ ਹੈ।

ਬੇਨਤੀ ਹੈ ਕਿ ਬੱਬਰ ਖ਼ਾਲਸਾ ਜਥੇਬੰਦੀ ਨੇ ਜੋ ਸੇਵਾ ਗੁਰੂ ਕਿਰਪਾ ਸਦਕਾ ਨਿਭਾਈ ਹੈ, ਉਹ ਸੰਗਤਾਂ ਦੇ ਸਾਹਮਣੇ ਹੈ ਤੇ ਪਿੱਛੋਂ ਸੰਗਤਾਂ ਵਲੋਂ ਮਿਲਿਆ ਸਹਿਯੋਗ ਸਲਾਹੁਣਯੋਗ ਹੈ। ਹੁਣ ਦਾਸ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਤੋਂ ਬਾਅਦ ਸੰਗਤਾਂ 'ਚ ਵਿਚਰ ਰਿਹਾ ਹੈ ਅਤੇ ਸੰਗਤਾਂ ਵਲੋਂ ਕਾਫ਼ੀ ਅਸੀਰਵਾਦ ਮਿਲ ਰਿਹਾ ਹੈ। ਸੋ ਗੁਰੂ ਕਿਰਪਾ ਸਦਕਾ ਜਲਦ ਹੀ ਬੱਬਰ ਖ਼ਾਲਸਾ ਜਥੇਬੰਦੀ ਵਲੋਂ ਸਿੱਖ ਕੌਮ ਦੀ ਆਜ਼ਾਦੀ ਲਈ ਨਵੀਨ ਢੰਗ ਨਾਲ ਹਥਿਆਰਬੰਦ ਜੰਗ ਹਿੰਦ ਸਰਕਾਰ ਖ਼ਿਲਾਫ਼ ਸ਼ੁਰੂ ਕੀਤੀ ਜਾ ਰਹੀ ਹੈ, ਜੋ ਥੋੜ੍ਹੇ ਸਮੇਂ ਵਿਚ ਹੀ ਸੰਗਤਾਂ ਸਾਹਮਣੇ ਆ ਜਾਵੇਗੀ। ਬੇਨਤੀ ਹੈ ਕਿ ਵੱਧ ਤੋਂ ਵੱਧ ਸਿੰਘ ਸ਼ਹੀਦੀ ਜਥਿਆਂ ਦੇ ਰੂਪ 'ਚ ਬੱਬਰ ਖ਼ਾਲਸਾ 'ਚ ਆਪਣੇ ਆਪ ਭਰਤੀ ਕਰਨ ਲਈ ਤਨ-ਮਨ-ਧਨ ਨਾਲ ਸੇਵਾ ਵਿਚ ਹਿੱਸਾ ਪਾਉਣ। ਸਰਕਾਰ ਵਲੋਂ ਕੀਤੇ ਜਾ ਰਹੇ ਵੱਖ-ਵੱਖ ਤਰ੍ਹਾਂ ਦੇ ਹਮਲਿਆਂ ਤੋਂ ਪੰਥ ਸੁਚੇਤ ਰਹੇ।

ਸ੍ਰੀ ਅਕਾਲ ਤਖ਼ਤ ਸਾਹਿਬ ਚਾਹੁਣ ਮਗਰੋਂ ਹਿੰਦ ਸਰਕਾਰ ਆਪਣੇ ਪਿੱਠੂ ਸੰਤੂ ਵਲੋਂ ਸ਼ੁਰੂ ਕਰਵਾਈ ਅਖੌਤੀ ਸੇਵਾ ਦੂਜਾ ਹਮਲਾ ਹੈ। ਸੰਤੂ ਵਰਗੇ ਗੁੱਦਾਰ ਸਾਡੀ ਲਿਸਟ ਦੇ ਅਗਲੇ ਨੰਬਰਾਂ 'ਚ ਹਨ ।

ਸੁਖਦੇਵ ਸਿੰਘ ਬੱਬਰ

ਗੁਰੂ ਰੂਪ ਖਾਲਸਾ ਜੀਓ,

ਗੁਰੂ ਕ੍ਰਿਪਾ ਸਦਕਾ ਦਾਸ ਫੌਜ ਵਲੋਂ ਹੋਏ ਹਮਲੇ ਸਮੇਂ 5 ਜੂਨ ਨੂੰ ਹਰਿਮੰਦਰ ਸਾਹਿਬ ਤੋਂ ਠੀਕ ਠਾਕ ਬਾਹਰ ਆ ਗਿਆ ਹੈ ਤੇ ਹੋਰ ਕਈ ਸਾਥੀ ਸਿੰਘ ਮੇਰੇ ਨਾਲ ਬਾਹਰ ਠੀਕ ਠਾਕ ਆ ਗਏ ਹਨ । ਹਮਲੇ ਦੌਰਾਨ ਜੋ ਘੋਰ ਬੇਅਦਬੀ ਇੰਡੀਆ ਗੌਰਮਿੰਟ ਨੇ ਸਾਡੇ ਪਵਿਤਰ ਅਸਥਾਨ 'ਚ ਸਿੰਘਾਂ ਦੇ ਖੂਨ ਨਾਲ ਹੋਲੀ ਖੇਡ ਕੇ ਕੀਤੀ ਹੈ,ਉਸ ਦਾ ਸਦਮਾ ਮੇਰੇ ਲਈ ਅਸਹਿ ਹੈ । ਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਬਲ ਬਖਸ਼ਣ ਤਾਂ ਕਿ ਗੁਰੂ ਘਰ ਦੀ ਬੇਅਦਬੀ ਕਰਨ ਵਾਲਿਆਂ ਅਤੇ ਸਿੱਖ ਧਰਮ ਨੂੰ ਖਤਮ ਕਰਨ ਦੀਆਂ ਵਿਉਂਤਾਂ ਬਣਾਉਣ ਵਾਲਿਆਂ ਨੂੰ ਲੋਹੇ ਦੇ ਚਣੇ ਚਬਾ ਸਕੀਏ । ਸਮੂਹ ਸੰਗਤਾਂ ਦੇ ਸੋਚਣਾਂ ਵਿਚ ਬੇਨਤੀ ਹੈ ਕਿ ਹੁਣ ਖਾਲਸਾ ਰਾਜ ਤੋਂ ਬਗੈਰ ਸਾਡਾ ਕੋਈ ਗੁਜ਼ਾਰਾ ਨਹੀਂ ਹੈ । ਸਾਰੀ ਕੌਮ ਨੂੰ ਇਕਮੁਠ ਹੋ ਕੇ ਖਾਲਸਾ ਰਾਜ ਲਈ ਫੈਸਲਾਕੁਨ ਜੰਗ ਲੜਨੀ ਚਾਹੀਦੀ ਹੈ । ਜਿਹੜਾ ਖਾਲਸਾ ਰਾਜ ਦੀ ਵਿਰੋਧਤਾ ਕਰਦਾ ਹੈ ਜਾਂ ਹਿੰਦ ਸਰਕਾਰ ਨਾਲ ਅਜੇ ਵੀ ਕਿਸੇ ਸਮਝੌਤੇ ਦੀਆਂ ਗੱਲਾਂ ਕਰਦਾ ਹੈ,ਉਹ ਸਿੱਖ ਪੰਥ ਦਾ ਗੁਦਾਰ ਸਮਝਿਆ ਜਾਣਾ ਚਾਹੀਦਾ ਹੈ ।

ਬੇਨਤੀ ਹੈ ਕਿ ਬਬਰ ਖਾਲਸਾ ਜਥੇਬੰਦੀ ਨੇ ਜੋ ਸੇਵਾ ਗੁਰੂ ਕ੍ਰਿਪਾ ਸਦਕਾ ਨਿਭਾਈ ਹੈ ਉਹ ਸੰਗਤਾਂ ਦੇ ਸਾਹਮਣੇ ਹੈ ਤੇ ਪਿਛੇ ਸੰਗਤਾਂ ਵਲੋਂ ਮਿਲਿਆ ਸਹਿਯੋਗ ਸਲਾਹੁਣ ਯੋਗ ਹੈ । ਹੁਣ ਖਾਸ ਫੌਜੀ ਐਕਸ਼ਨ ਤੋਂ ਬਾਦ ਸੰਗਤਾਂ ਵਿਚ ਵਿਚਰ ਰਿਹਾ ਹੈ । ਅਤੇ ਸੰਗਤਾਂ ਵਲੋਂ ਵਾਹੀ ਆਸੀਰਵਾਦ ਮਿਲ ਰਿਹਾ ਹੈ । ਸੋ ਗੁਰੂ ਕ੍ਰਿਪਾ ਸਦਕਾ ਜਲਦੀ ਹੀ ਬਬਰ ਖਾਲਸਾ ਜਥੇਬੰਦੀ ਵਲੋਂ ਸਿੱਖ ਕੌਮ ਦੀ ਸਵਤੰਤਰਤਾ ਲਈ ਨਵੀਨ ਢੰਗ ਨਾਲ ਹਥਿਆਰਬੰਦ ਜੰਗ ਹਿੰਦ ਸਰਕਾਰ ਦੇ ਖਿਲਾਫ ਸ਼ੁਰੂ ਕੀਤੀ ਜਾ ਰਹੀ ਹੈ । ਜੋ ਥੋੜੇ ਸਮੇਂ ਵਿਚ ਹੀ ਸੰਗਤਾਂ ਸਾਹਮਣੇ ਆ ਜਾਵੇਗੀ । ਬੇਨਤੀ ਹੈ ਕਿ ਵੱਧ ਤੋਂ ਵੱਧ ਸਿੰਘ ਸ਼ਹੀਦੀ ਜਥਿਆਂ ਦੇ ਰੂਪ ਵਿਚ ਬਬਰ ਖਾਲਸਾ 'ਚ ਆਪਣੇਆਪ ਨੂੰ ਭਰਤੀ ਕਰਨ ਅਤੇ ਤਨ ਮਨ ਧਨ ਨਾਲ ਸੇਵਾ ਵਿਚ ਹਿੱਸਾ ਪਾਉਣ ।

ਸਰਕਾਰ ਵਲੋਂ ਕੀਤੇ ਜਾ ਰਹੇ ਤਰ੍ਹਾਂ ਤਰ੍ਹਾਂ ਦੇ ਹਮਲਿਆਂ ਤੋਂ ਸਿੱਖ ਕੌਮ ਨੂੰ ਸੁਚੇਤ ਰਹਿਣ ਦੀ ਲੋੜ ਹੈ । ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਉਣ ਤੋਂ ਬਾਅਦ ਹਿੰਦ ਸਰਕਾਰ ਆਪਣੇ ਪਿੱਠੂ ਸੇਠੂ ਵਲੋਂ ਸ਼ੁਰੂ ਕਰਾਈ ਅਪਾਹੁਤੀ ਸੇਵਾ ਦੂਸਰਾ ਹਮਲਾ ਹੈ । ਸੰਤੂ ਵਰਗੇ ਗੁਦਾਰ ਸਾਡੇ ਲਿਸਟ ਦੇ ਅਗਲੇ ਨੰਬਰਾਂ ਵਿਚੋਂ ਹਨ ।

ਫਿਰ ਨਵੀਨ ਢੰਗ ਨਾਲ ਹਥਿਆਰਬੰਦ ਸੰਘਰਸ਼ ਦੌਰਾਨ ਜਥੇਦਾਰ ਸੁਖਦੇਵ ਸਿੰਘ ਬੱਬਰ ਨੇ ਆਪਣੇ ਸਾਥੀ ਸਿੰਘਾਂ ਨਾਲ ਮਿਲ ਕੇ ਹਿੰਦੁਸਤਾਨ ਸਰਕਾਰ ਨੂੰ ਐਸੇ ਲੋਹੇ ਦੇ ਚਣੇ ਚਬਾਏ ਕਿ ਸਰਕਾਰ ਦੀਆਂ ਚੂਲਾਂ ਤੱਕ ਹਿੱਲ ਗਈਆਂ। ਸ਼ਹੀਦੀ ਜਥਿਆਂ ਨੇ ਐਸੇ ਦਲੇਰਾਨਾ ਐਕਸ਼ਨ, ਗਹਿਗੱਚ ਮੁਕਾਬਲੇ, ਅਣਥੱਕ ਕੁਰਬਾਨੀਆਂ ਅਤੇ ਫਿਰ ਭਾਣੇ ਵਿਚ ਰਹਿ ਕੇ ਅਣਮਨੁੱਖੀ ਤਸ਼ੱਦਦ ਸਹਿੰਦਿਆਂ ਸ਼ਹਾਦਤਾਂ ਵਰ੍ਹੀਆਂ ਕਿ ਸਿੱਖ ਇਤਿਹਾਸ ਵਿਚ ਸੁਨਹਿਰੀ ਹਰਫ਼ ਬਣ ਉੱਕਰੇ ਗਏ।

ਲੇਖ ਲੜੀ ਸਮਾਪਤ ਹੈ ਪਰ ਇਤਿਹਾਸ ਅਜੇ ਬਾਕੀ ਹੈ...